# ਪਰਮੇਸ਼ਰ ਦੇ ਵੱਲ ਰਸਤਾ





©2011 World Missionary Press, Inc.  Cover art, Edwin B. Wallace.

All scriptures are taken from the Punjabi Bible with permission from the Bible Society of India.

# ਪਰਮੇਸ਼ੁਰ ਨੇ ਸਾਡਾ ਸੰਸਾਰ ਅਤੇ ਸਾਰੀਆਂ ਜੀਉਂਦਿਆਂ ਵਸਤੂਆਂ ਬਣਾਈਆਂ

**"ਆਦ ਵਿੱਚ ਪਰਮੇਸ਼ੁਰ ਨੇ ਅਕਾਸ਼ ਅਤੇ ਧਰਤੀ ਨੂੰ ਉਤਪੰਨ ਕੀਤਾ।"** –ਉਤਪਤ 1:1

**"ਕਿਉਂ ਜੋ ਅਕਾਸ਼ ਅਤੇ ਧਰਤੀ ਉਤਲੀਆਂ ਸਾਰੀਆਂ ਵਸਤਾਂ ਉਸੇ ਤੋਂ ਉਤਪਤ ਹੋਈਆਂ।"**
–ਕੁਲੁੱਸੀਆਂ 1:16ੳ

**"ਤੁਸੀਂ ਯਹੋਵਾਹ ਵੱਲੋਂ ਮੁਬਾਰਕ ਹੋ ਜਿਹੜਾ ਅਕਾਸ਼ ਅਤੇ ਧਰਤੀ ਦਾ ਸਿਰਜਣਹਾਰ ਹੈ। ਅਕਾਸ਼ ਯਹੋਵਾਹ ਦੇ ਅਕਾਸ਼ ਹਨ, ਪਰ ਧਰਤੀ ਉਹ ਨੇ ਮਨੁੱਖ ਦੇ ਮਾਤ੍ਰ ਦੇ ਵੰਸ ਨੂੰ ਦਿੱਤੀ ਹੈ।"**
– ਜ਼ਬੂਰ 115:15, 16

ਧਰਤੀ ਸਿੱਧ ਸੀ ਜਦੋਂ ਪਰਮੇਸ਼ੁਰ ਨੇ ਇਹ ਮਨੁੱਖ ਨੂੰ ਦਿੱਤੀ। ਇਸ ਕਿਤਾਬ ਨੂੰ ਇਹ ਜਾਣਨ ਲਈ ਪੜ੍ਹੋ ਕਿ ਫਿਰ ਕੀ ਹੋਇਆ ਸੀ।

# ਪਰਮੇਸ਼ੁਰ ਨੇ ਸਾਨੂੰ ਬਣਾਇਆ



**"ਤਦ ਪਰਮੇਸ਼ੁਰ ਨੇ ਆਖਿਆ, 'ਅਸੀਂ ਆਦਮੀ ਨੂੰ ਆਪਣੇ ਸਰੂਪ ਉੱਤੇ ਅਰ ਆਪਣੇ ਵਰਗਾ ਬਣਾਈਏ; ਉਹ ਸਾਰੀ ਧਰਤੀ ਉੱਤੇ ਅਧਿਕਾਰ** {ਰਾਜ} **ਕਰੇ. . ."** – ਉਤਪਤ 1:26ੳ

# ਮਨੁੱਖ ਇੱਕ ਜੀਉਂਦੀ ਜਾਨ ਬਣ ਗਿਆ

**"ਯਹੋਵਾਹ ਪਰਮੇਸ਼ੁਰ ਨੇ ਆਦਮੀ ਨੂੰ ਜ਼ਮੀਨ ਦੀ ਮਿੱਟੀ ਤੋਂ ਰਚਿਆ ਅਤੇ ਉਸ ਦੀਆਂ ਨਾਸਾਂ ਦੇ ਵਿੱਚ ਜੀਵਨ ਦਾ ਸਾਹ ਫੂਕਿਆ ਸੋ ਆਦਮੀ ਜੀਉਂਦੀ ਜਾਨ* ਹੋ ਗਿਆ।"** – ਉਤਪਤ 2:7

**"ਫੇਰ ਯਹੋਵਾਹ ਪਰਮੇਸ਼ੁਰ ਨੇ ਆਖਿਆ 'ਭਈ ਚੰਗਾ ਨਹੀਂ ਕਿ ਆਦਮੀ ਇਕੱਲਾ ਰਹੇ; ਸੋ ਮੈਂ ਉਹ ਦੇ ਲਈ ਉਹ ਦੇ ਵਾਂਙੁ ਇੱਕ ਸਹਾਇਕਣ ਬਣਾਵਾਂਗਾ। ਤਾਂ ਯਹੋਵਾਹ ਪਰਮੇਸ਼ੁਰ ਨੇ ਆਦਮੀ ਤੇ ਗੂਹੜੀ ਨੀਂਦ ਭੇਜੀ ਸੋ ਉਹ ਸੌਂ ਗਿਆ ਅਤੇ ਉਸ ਨੇ ਉਹ ਦੀਆਂ ਪਸਲੀਆਂ ਵਿੱਚੋਂ ਇੱਕ ਕੱਢ ਲਈ ਅਤੇ ਉਹ ਦੀ ਥਾਂ ਮਾਸ ਭਰ ਦਿੱਤਾ। ਤਾਂ ਯਹੋਵਾਹ ਪਰਮੇਸ਼ੁਰ ਨੇ ਉਸ ਪਸਲੀ ਤੋਂ ਜਿਹੜੀ ਉਸ ਨੇ ਆਦਮੀ ਵਿੱਚੋਂ ਕੱਢੀ ਇੱਕ ਨਾਰੀ ਬਣਾਈ ਅਤੇ ਉਹ ਨੂੰ ਆਦਮੀ ਦੇ ਕੋਲ ਲੈ ਆਇਆ।** – ਉਤਪਤ 2:18ੳ, 21 22

*ਇੱਕ ਜੀਉਂਦੀ ਜਾਨ ਦਾ ਅਰਥ ਹੈ ਕਿ ਅਸੀਂ ਸਦਾ ਲਈ ਕਿਤੇ ਹੋਵਾਂਗੇ।

# 4 ਆਦਮ ਅਤੇ ਹੱਵਾਹ ਨੇ ਪਰਮੇਸ਼ੁਰ ਦੀ ਆਗਿਆ ਉਲੰਘਣਾ ਕੀਤੀ



ਸਾਨੂੰ ਕਦੇ ਵੀ ਸ਼ਤਾਨ ਦੀ ਅਵਾਜ਼ ਨਹੀਂ ਸੁਣਨੀ ਚਾਹੀਦੀ ਹੈ।

**"ਯਹੋਵਾਹ ਪਰਮੇਸ਼ੁਰ ਨੇ ਉਸ ਆਦਮੀ ਨੂੰ ਲੈ ਕੇ ਅਦਨ ਦੇ ਬਾਗ ਵਿੱਚ ਰੱਖਿਆ ਤਾਂ ਜੋ ਉਹ ਉਸ ਦੀ ਵਾਹੀ ਤੇ ਰਾਖੀ ਕਰੇ। ਅਤੇ ਯਹੋਵਾਹ ਪਰਮੇਸ਼ੁਰ ਨੇ ਆਦਮੀ ਨੂੰ ਆਗਿਆ ਦਿੱਤੀ, 'ਕਿ ਬਾਗ ਦੇ ਹਰੇਕ ਰੁੱਖ ਤੋਂ ਤੂੰ ਨਿਸੰਗ ਖਾਈਂ, ਪਰ ਭਲੇ ਬੁਰੇ ਦੀ ਸਿਆਣ ਦੇ ਰੁੱਖ ਤੋਂ ਤੂੰ ਨਾ ਖਾਈਂ ਕਿਉਂ ਜੋ ਜਿਸ ਦਿਨ ਤੂੰ ਉਸ ਤੋਂ ਖਾਵੇਂ ਤੂੰ ਜ਼ਰੂਰ ਮਰੇਂਗਾ।"** – ਉਤਪਤ 2:15-17

ਸੱਪ, ਜਿਸ ਨੂੰ ਸ਼ਤਾਨ ਜਾਂ ਦੁਸ਼ਟ ਵੀ ਆਖਿਆ ਜਾਂਦਾ ਹੈ ਨੇ ਪਰਮੇਸ਼ੁਰ ਦੇ ਇਖ਼ਤਿਆਰ ਤੇ ਪ੍ਰਸ਼ਨ ਕੀਤਾ ਅਤੇ ਇੱਕ ਝੂਠ ਬੋਲਿਆ।

**"ਪਰ ਸੱਪ ਨੇ ਤੀਵੀਂ ਨੂੰ ਆਖਿਆ ਕਿ, 'ਤੁਸੀਂ ਕਦੇ ਨਾ ਮਰੋਗੇ।' ਇਸ ਲਈ ਜਾਂ ਤੀਵੀਂ ਨੇ ਵੇਖਿਆ ਕਿ ਉਹ ਬਿਰਛ ਖਾਣ ਦੇ ਲਈ ਚੰਗਾ ਹੈ ਅਤੇ ਅੱਖੀਆਂ ਨੂੰ ਭਾਉਂਦਾ ਹੈ ਅਤੇ ਉਹ ਬਿਰਛ ਬੁੱਧ ਦੇਣ ਲਈ ਲੋੜੀਂਦਾ ਹੈ, ਤਾਂ ਉਸ ਨੇ ਲਿਆ. . .ਅਤੇ ਖਾਧਾ। ਅਤੇ ਆਪਣੇ ਪਤੀ ਨੂੰ ਵੀ ਦਿੱਤਾ. . .ਅਤੇ ਉਸ ਨੇ ਵੀ ਖਾਧਾ।"** – ਉਤਪਤ 3:4, 6

# 6 ਆਦਮ ਅਤੇ ਹੱਵਾਹ ਹੁਣ ਬਾਗ ਦੇ ਵਿੱਚ ਨਹੀਂ ਰਹਿ ਸਕਦੇ ਸਨ



**“ਤਾਂ ਯਹੋਵਾਹ ਨੇ ਉਸ ਨੂੰ ਅਦਨ ਦੇ ਬਾਗ ਵਿੱਚੋਂ ਕੱਢ ਦਿੱਤਾ ਤਾਂ ਜੋ ਉਹ ਉਸ ਜ਼ਮੀਨ ਨੂੰ ਵਾਹੇ ਜਿਸ ਤੋਂ ਉਹ ਕੱਢਿਆ ਗਿਆ ਸੀ। ਉਸ ਨੇ ਦੂਤਾਂ ਨੂੰ. . .ਅਤੇ ਚੌਪਾਸੇ ਘੁੰਮਣ ਵਾਲੀ ਤਲਵਾਰ ਦੀ ਲਸ਼ਕ ਨੂੰ. . .ਜੀਵਨ ਦੇ ਰੁੱਖ ਦੀ ਰਾਖੀ ਕਰਨ ਲਈ ਰੱਖਿਆ।** – ਉਤਪਤ 3:23ਅ, 24ਅ

# ਜਦੋਂ ਆਦਮ ਅਤੇ ਹੱਵਾਹ ਨੇ ਪਾਪ ਕੀਤਾ ਤਾਂ ਇਹ ਮਨੁੱਖ ਜਾਤੀ ਦੇ ਲਈ ਇੱਕ ਦੁੱਖ ਦਾ ਦਿਨ ਸੀ



**". . .ਇੱਕ ਮਨੁੱਖ ਤੋਂ ਪਾਪ ਸੰਸਾਰ ਦੇ ਵਿੱਚ ਆਇਆ, ਅਤੇ ਪਾਪ ਤੋਂ ਮੌਤ ਆਈ, ਅਤੇ ਮੌਤ ਸਭਨਾਂ ਮਨੁੱਖਾਂ ਦੇ ਵਿੱਚ ਫੈਲ ਗਈ. . ."** – ਰੋਮੀਆਂ 5:12

## ਕੁਝ ਯਾਦ ਰੱਖਣ ਦੇ ਲਈ

**ਹਰੇਕ ਵਿਅਕਤੀ** ਪਾਪ ਦੇ ਸੁਭਾਅ ਨਾਲ ਪੈਦਾ ਹੁੰਦਾ ਹੈ ਅਤੇ **ਕਿਸੇ ਦਿਨ ਮਰ ਜਾਵੇਗਾ ਕਿਉਂਕਿ ਪਾਪ ਦੁਆਰਾ ਮੌਤ ਆਈ ਸੀ।** (ਰੋਮੀਆਂ 5:12 ਇੱਕ ਵਾਰ ਫੇਰ ਪੜ੍ਹੋ)।

# 8 ਸਾਨੂੰ ਪਾਪ ਤੋਂ ਛੁਡਾਉਣ ਦੇ ਲਈ ਪਰਮੇਸ਼ੁਰ ਦੀ ਯੋਜਨਾ ਉਸ ਦੇ ਇਕਲੌਤੇ ਪੁੱਤਰ ਨੂੰ ਭੇਜਣਾ ਸੀ।



ਮਨੁੱਖੀ ਜਾਤੀ ਦੇ ਵਿੱਚ ਆਉਣ ਦੇ ਲਈ, ਪਰਮੇਸ਼ੁਰ ਦੇ ਪੁੱਤਰ ਨੂੰ ਇੱਕ ਮਨੁੱਖੀ ਬੱਚੇ ਦੇ ਵਜੋਂ ਆਉਣਾ ਸੀ।

**"ਅਤੇ ਉਹ ਪੁੱਤਰ ਜਣੇਗੀ ਅਤੇ ਤੂੰ ਉਹ ਦਾ ਨਾਮ ਯਿਸੂ ਰੱਖੀਂ ਕਿਉਂ ਜੋ ਉਹ ਆਪਣੇ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾਵੇਗਾ।"**

– ਮੱਤੀ 1:21

**"ਕਿਉਂਜੋ ਪਰਮੇਸ਼ੁਰਤਾਈ ਦੀ ਸਾਰੀ ਭਰਪੂਰੀ ਉਸੇ ਵਿੱਚ** {ਮਸੀਹ ਯਿਸੂ} **ਦੇਹਧਾਰੀ ਹੋ ਕੇ ਵੱਸਦੀ ਹੈ।"**

– ਕੁਲੁੱਸੀਆਂ 2:9

**"ਆਦ ਦੇ ਵਿੱਚ ਸ਼ਬਦ ਸੀ ਅਤੇ ਸ਼ਬਦ ਪਰਮੇਸ਼ੁਰ ਦੇ ਸੰਗ ਸੀ। ਅਤੇ ਸ਼ਬਦ ਦੇਹਧਾਰੀ ਹੋਇਆ ਅਤੇ ਕਿਰਪਾ ਅਤੇ ਸਚਿਆਈ ਨਾਲ ਭਰਪੂਰ ਹੋ ਕੇ ਸਾਡੇ ਵਿੱਚ ਵਾਸ** {ਰਿਹਾ} **ਕੀਤਾ ਅਤੇ ਅਸਾਂ ਉਸ ਦਾ ਤੇਜ ਪਿਤਾ ਦੇ ਇਕਲੌਤੇ ਦੇ ਤੇਜ ਵਰਗਾ ਡਿੱਠਾ।"** – ਯੂਹੰਨਾ 1:1, 14

**"ਇਹ ਸਭ ਕੁਝ ਇਸ ਲਈ ਹੋਇਆ ਤਾਂ ਜੋ ਇਹ ਪੂਰਾ ਹੋਵੇ: 'ਵੇਖੋ ਕੁਆਰੀ ਗਰਭਣੀ ਹੋਵੇਗੀ ਅਤੇ ਪੁੱਤਰ ਜਣੇਗੀ, ਅਤੇ ਓਹ ਉਸ ਦਾ ਨਾਮ ਇੰਮਾਨੂਏਲ ਰੱਖਣਗੇ,' ਜਿਸ ਦਾ ਅਰਥ ਇਹ ਹੈ, 'ਪਰਮੇਸ਼ੁਰ ਅਸਾਡੇ ਸੰਗ।'"** – ਮੱਤੀ 1:21ੳ, 22

**"ਸਾਡੇ ਲਈ ਤਾਂ ਇੱਕ ਬਾਲਕ ਜੰਮਿਆ ਅਤੇ ਸਾਨੂੰ ਇੱਕ ਪੁੱਤਰ ਬਖ਼ਸ਼ਿਆ ਗਿਆ। ਰਾਜ ਉਹ ਦੇ ਮੋਢੇ ਉੱਤੇ ਹੋਵੇਗਾ, ਅਤੇ ਉਹ ਦਾ ਨਾਮ ਇਉਂ ਸੱਦਿਆ ਜਾਵੇਗਾ, ਅਚਰਜ ਸਲਾਹੂ, ਸ਼ਕਤੀਮਾਨ ਪਰਮੇਸ਼ੁਰ, ਅਨਾਦੀ ਪਿਤਾ, ਸ਼ਾਂਤੀ ਦਾ ਰਾਜ ਕੁਮਾਰ।"** – ਯਸਾਯਾਹ 9:6

# ਯਿਸੂ ਮਸੀਹ –
# ਸਾਡਾ ਸਿੱਧ ਬਲੀਦਾਨ

**"...ਉਹ ਪਾਪ ਦਾ ਜਾਣੂ ਨਹੀਂ ਸੀ...।"** 2 ਕੁਰਿੰਥੀਆਂ 5:21



**"ਉਹ ਨੇ ਕੋਈ ਪਾਪ ਨਹੀਂ ਕੀਤਾ"**

–1 ਪਤਰਸ 2:22ੳ

ਕੋਈ ਵੀ ਬਲੀਦਾਨ {ਭੇਟ} ਜਿਹੜਾ ਮਨੁੱਖ ਕਰ ਸਕਿਆ ਸੀ ਉਹ ਪਾਪ ਦੂਰ ਕਰਨ ਲਈ ਕਾਫੀ ਸਿੱਧ ਨਹੀਂ ਸੀ।

**"ਕਿਉਂ ਜੋ ਅਣਹੋਣਾ ਹੈ ਭਈ ਵਹਿੜਕਿਆਂ ਅਤੇ ਬੱਕਰਿਆਂ ਦਾ ਲਹੂ ਪਾਪਾਂ ਨੂੰ ਲੈ ਜਾਵੇ।"**

–ਇਬਰਾਨੀਆਂ 10:4

ਯਿਸੂ ਪਰਮੇਸ਼ੁਰ ਦਾ ਲੇਲਾ ਹੈ। **"ਵੇਖੋ! ਪਰਮੇਸ਼ੁਰ ਦਾ ਲੇਲਾ ਜਿਹੜਾ ਜਗਤ ਦਾ ਪਾਪ ਚੁੱਕ ਲੈ ਜਾਂਦਾ ਹੈ!"**

– ਯੂਹੰਨਾ 1:29ਅ

# ਯਿਸੂ ਨੇ ਸਾਨੂੰ ਬਚਾਉਣ ਦੇ ਲਈ ਉਸ ਦਾ ਜੀਵਨ ਦਿੱਤਾ

ਯਿਸੂ ਇੱਕ ਲੱਕੜ ਦੀ ਸਲੀਬ ਤੇ ਟੰਗਿਆਂ ਹੋਇਆ ਸੀ ਕਿਉਂਕਿ ਨਿਰਦਈ ਲੋਕਾਂ ਨੇ ਉਸ ਨਾਲ ਨਫ਼ਰਤ ਕੀਤੀ ਸੀ। ਪਰ ਉਸ ਦੀ ਮੌਤ ਪਰਮੇਸ਼ੁਰ ਦੀ ਯੋਜਨਾ ਸੀ। ਯਿਸੂ ਨੇ, ਉਸ ਦੀ ਅਜ਼ਾਦ ਇੱਛਿਆ ਨਾਲ, ਉਸ ਦਾ ਜੀਵਨ ਤੁਹਾਨੂੰ ਅਤੇ ਮੈਨੂੰ ਸਾਡੇ ਪਾਪਾਂ ਤੋਂ ਬਚਾਉਣ ਦੇ ਲਈ ਦੇ ਦਿੱਤਾ।

ਯਿਸੂ ਨੇ ਆਖਿਆ, **"ਕੋਈ ਉਸ ਨੂੰ {ਮੇਰਾ ਜੀਵਨ} ਮੈਥੋਂ ਨਹੀਂ ਖੋਹੰਦਾ ਪਰ ਮੈਂ ਆਪੇ ਉਸ ਨੂੰ ਦਿੰਦਾ ਹਾਂ। ਮੇਰਾ ਇਖ਼ਤਿਆਰ ਹੈ ਜੋ ਉਹ ਨੂੰ ਦੇਵਾਂ ਅਤੇ ਮੇਰਾ ਇਖ਼ਤਿਆਰ ਹੈ ਜੋ ਉਹ ਨੂੰ ਫੇਰ ਲਵਾਂ"**

– ਯੂਹੰਨਾ 10:18ੳ

## ਅਸੀਂ ਪਰਮੇਸ਼ੁਰ ਦੇ ਲੇਲੇ ਦੇ ਲਹੂ ਦੁਆਰਾ ਛੁਡਾਏ ਗਏ ਹਾਂ

**"ਤੁਹਾਡਾ ਨਿਸਤਾਰਾ {ਵਾਪਸ ਲਿਆਂਦੇ} ਨਾਸਵਾਨ ਵਸਤਾਂ ਸੋਨੇ ਅਤੇ ਚਾਂਦੀ ਦੇ ਨਾਲ ਨਹੀਂ ਹੋਇਆ ਹੈ. . .ਸਗੋਂ ਅਮਲੋਕ ਲਹੂ ਨਾਲ ਜਿਹੜਾ ਨਿਹਕਲੰਕ ਅਤੇ ਬੇਦਾਗ ਲੇਲੇ ਦੀ ਨਿਆਈਂ ਸੀ।"**

–1 ਪਤਰਸ 1:18, 19

## ਕੋਈ ਵੀ ਹੋਰ ਬਲੀਦਾਨ ਪਾਪ ਨੂੰ ਦੂਰ ਨਹੀਂ ਕਰ ਸਕਦਾ ਹੈ

**"ਅਸੀਂ ਯਿਸੂ ਮਸੀਹ ਦੀ ਦੇਹੀ ਦੇ ਇੱਕੋ ਵਾਰ ਬਲੀਦਾਨ ਚੜ੍ਹਾਏ ਜਾਣ ਦੇ ਰਾਹੀਂ ਪਵਿੱਤਰ ਕੀਤੇ ਗਏ ਹਾਂ।"**

– ਇਬਰਾਨੀਆਂ 10:10ਅ

**12 ਸੋ ਜਦੋਂ ਅਸੀਂ ਧਰਮੀ ਠਹਿਰਾਏ {ਧਰਮੀ ਗਿਣੇ} ਗਏ ਤਾਂ ਇਸ ਨਾਲੋਂ ਬਹੁਤ ਵਧ ਕੇ ਅਸੀਂ ਉਸ ਦੇ ਰਾਹੀਂ ਉਸ ਕ੍ਰੋਧ ਤੋਂ ਬਚ ਜਾਵਾਂਗੇ"** – ਰੋਮੀਆਂ 5:9ਅ

**"ਮੈਂ ਤੈਨੂੰ ਸਤ ਆਖਦਾ ਹੈ, ਅੱਜ ਹੀ ਤੂੰ ਮੇਰੇ ਨਾਲ ਸਵਰਗ ਵਿੱਚ ਹੋਵੇਂਗਾ"** – ਲੂਕਾ 23:42ਅ



ਇਸ ਚੋਰ ਨੇ ਯਿਸੂ ਤੇ ਵਿਸ਼ਵਾਸ ਕੀਤਾ ਅਤੇ ਬਚਾਇਆ ਗਿਆ ਸੀ

"ਮੈਂ ਤੈਨੂੰ ਸਤ ਆਖਦਾ ਹੈ, ਅੱਜ ਹੀ ਤੂੰ ਮੇਰੇ ਨਾਲ ਸਵਰਗ ਵਿੱਚ ਹੋਵੇਂਗਾ" – ਲੂਕਾ 23:43ਅ

ਇਸ ਚੋਰ ਨੇ ਯਿਸੂ ਤੇ ਵਿਸ਼ਵਾਸ ਨਹੀਂ ਕੀਤਾ, ਇਸ ਲਈ ਉਹ ਬਚਾਇਆ ਨਹੀਂ ਗਿਆ ਸੀ।

**"ਜਦੋਂ ਅਸੀਂ ਪਾਪੀ** {ਪਰਮੇਸ਼ੁਰ ਦੇ ਅਣਆਗਿਆਕਾਰੀ} **ਹੀ ਸਾਂ, ਪ੍ਰਭੂ ਯਿਸੂ ਸਾਡੇ ਲਈ ਮਰ ਗਿਆ"** – ਰੋਮੀਆਂ 5:8 ਅ

# ਸਾਰੇ ਜਿਹੜੇ ਪਰਮੇਸ਼ੁਰ ਦੇ ਪੁੱਤਰ ਵਿੱਚ ਵਿਸ਼ਵਾਸ ਕਰਦੇ ਹਨ ਜੀਵਨ ਪਾਉਂਦੇ ਹਨ

**"ਕਿਉਂ ਜੋ ਪਰਮੇਸ਼ੁਰ ਨੇ ਜਗਤ ਨਾਲ ਅਜਿਹਾ ਪਿਆਰ ਕੀਤਾ ਕਿ ਉਸ ਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ ਤਾਂ ਜੋ, ਜੋ ਕੋਈ ਵੀ ਉਸ ਤੇ ਵਿਸ਼ਵਾਸ ਕਰੇ ਨਾਸ਼ ਨਾ ਹੋਵੇ ਪਰ ਸਦੀਪਕ ਜੀਵਨ ਪਾਵੇ।"** – ਯੂਹੰਨਾ 3:16

**"ਉਸ ਨੇ ਸਾਨੂੰ ਅੰਧਕਾਰ ਦੇ ਵੱਸ ਵਿੱਚੋਂ ਛੁਡਾ ਕੇ ਆਪਣੇ ਪਿਆਰੇ ਪੁੱਤਰ ਦੇ ਰਾਜ ਵਿੱਚ ਪੁਚਾ ਦਿੱਤਾ। ਉਸ ਦੇ ਵਿੱਚ ਸਾਨੂੰ ਨਿਸਤਾਰਾ* ਅਰਥਾਤ ਪਾਪਾਂ ਦੀ ਮਾਫ਼ੀ ਮਿਲਦੀ ਹੈ।"**

– ਕੁਲੁੱਸੀਆਂ 1:13,14

*ਨਿਸਤਾਰੇ ਦਾ ਅਰਥ ਹੈ ਅਸੀਂ ਵਾਪਸ ਖਰੀਦੇ ਗਏ ਹਾਂ।

# "ਉਹ ਜੀ ਉੱਠਿਆ ਹੈ"



"ਪਰ ਦੂਤ ਨੇ ਅੱਗੋਂ ਤੀਵੀਆਂ ਨੂੰ ਕਿਹਾ, 'ਤੁਸੀਂ ਨਾ ਡਰੋ ਕਿਉਂਕਿ ਮੈਂ ਜਾਣਦਾ ਹਾਂ ਜੋ ਤੁਸੀਂ ਯਿਸੂ ਨੂੰ ਜਿਹੜਾ ਸਲੀਬ ਉੱਤੇ ਚੜ੍ਹਾਇਆ ਗਿਆ ਸੀ ਭਾਲਦੀਆਂ ਹੋ; ਉਹ ਐਥੇ ਹੈ ਨਹੀਂ ਕਿਉਂਕਿ ਜਿਵੇਂ ਉਸ ਨੇ ਕਿਹਾ ਸੀ ਉਹ ਜੀ ਉੱਠਿਆ ਹੈ।" - ਮੱਤੀ 28:5,6

# ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ

**"ਮੈਂ ਮੁਰਦਾ ਸਾਂ ਅਰ ਵੇਖ, ਮੈਂ ਜੁੱਗੋ ਜੁੱਗ ਜੀਉਂਦਾ ਅਤੇ ਮੌਤ ਅਤੇ ਪਤਾਲ ਦੀਆਂ ਕੁੰਜੀਆਂ ਮੇਰੇ ਕੋਲ ਹਨ।"** - ਪਰਕਾਸ਼. 1:18

**"ਕਿਉਂਕਿ ਮੈਂ ਜੀਉਂਦਾ ਹਾਂ ਤੁਸੀਂ ਵੀ ਜੀਓਗੇ।"** - ਯੂਹੰਨਾ 14:19ਅ

ਕਿਉਂਕਿ ਮਸੀਹ ਨੇ ਮੌਤ ਨੂੰ ਜਿੱਤਿਆ ਹੈ ਅਤੇ ਉਸ ਦੇ ਕੋਲ ਮੌਤ ਦੀਆਂ ਕੁੰਜੀਆਂ ਹਨ, ਸਾਨੂੰ ਹੁਣ ਮੌਤ ਤੋਂ ਡਰਨ ਦੀ ਲੋੜ ਨਹੀਂ ਹੈ।

**"ਜਿਸ ਵੇਲੇ ਮੈਨੂੰ ਡਰ ਹੋਵੇਗਾ, ਮੈਂ ਤੇਰੇ ਉੱਤੇ ਭਰੋਸਾ ਕਰਾਂਗਾ।"** - ਜ਼ਬੂਰ 56:3

(ਪਰਮੇਸ਼ੁਰ ਦੇ ਵਾਇਦਿਆਂ ਲਈ ਸਫਾ 46 ਵੇਖੋ।)

## ਯਿਸੂ ਤੁਹਾਨੂੰ ਬਚਾ ਸਕਦਾ ਹੈ ਅਤੇ ਤੁਹਾਡੇ ਲਈ ਪ੍ਰਾਰਥਨਾ ਕਰ ਰਿਹਾ ਹੈ

**"ਕਿਉਂਜੋ ਉਹ ਸਦਾ ਤੀਕ ਰਹਿੰਦਾ ਹੈ, ਇਸ ਲਈ ਉਹ ਉਨ੍ਹਾਂ ਦਾ ਜਿਹੜੇ ਉਸ ਦੇ ਰਾਹੀਂ ਪਰਮੇਸ਼ੁਰ ਕੋਲ ਆਉਂਦੇ ਹਨ ਪੂਰਾ** {ਪੂਰੀ ਤਰਾਂ} **ਨਿਸਤਾਰਾ ਕਰ ਸਕਦਾ ਹੈ, ਕਿਉਂਜੋ ਉਹ ਉਨ੍ਹਾਂ ਦੀ ਸਫ਼ਾਰਸ਼** {ਬੇਨਤੀ} **ਕਰਨ ਨੂੰ ਸਦਾ ਜੀਉਂਦਾ ਹੈ"** - ਇਬਰਾਨੀਆਂ 7:24,25

# ਤੁਸੀਂ ਅਤੇ ਮੈਂ ਸਦੀਪਕ ਜੀਵਨ ਪਾ ਸਕਦੇ ਹਾਂ




**ਤੁਸੀਂ ਕਿਹੜਾ ਰਾਹ ਲਿਆ ਹੈ?**

ਪਰਮੇਸ਼ੁਰ ਦੇ ਨਾਲ ਸਦੀਪਕ ਜੀਵਨ ਲਈ ਯਿਸੂ ਰਾਹ ਹੈ।

ਸ਼ਤਾਨ {ਦੁਸ਼ਟ} ਸਦੀਪਕ ਮੌਤ ਦੇ ਲਈ ਰਾਹ ਹੈ

**ਸਦੀਪਕ ਜੀਵਨ ਦੇ ਲਈ ਇੱਹ ਮੁੰਡਾ ਸਹੀ ਚੋਣ ਕਰਦਾ ਹੈ।**

**". . .ਅੱਜ ਤੁਸੀਂ ਚੁਣ ਲਵੋ ਤੁਸੀਂ ਕਿਹ ਦੀ ਉਪਾਸਨਾ ਕਰੋਗੇ. . .।"**

– ਯਹੋਸ਼ੁਆ 24:15

**"ਏਸ ਲਈ ਜੀਵਨ ਨੂੰ ਚੁਣੋ ਤਾਂ ਜੋ ਤੁਸੀਂ ਅਤੇ ਤੁਹਾਡੀ ਅੰਸ ਜੀਉਂਦੇ ਰਹੋ।"**

– ਬਿਵਸਥਾ ਸਾਰ 30:19ਅ

## ਯਿਸੂ ਸਦੀਪਕ ਜੀਵਨ ਦੇ ਲਈ ਰਾਹ ਹੈ

**"ਅਰ ਕਿਸੇ ਦੂਏ ਤੋਂ ਮੁਕਤੀ ਨਹੀਂ ਕਿਉਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿੱਚ ਕੋਈ ਦੂਜਾ ਨਾਮ ਨਹੀਂ ਦਿੱਤਾ ਗਿਆ ਜਿਸ ਤੋਂ ਅਸੀਂ ਬਚਾਏ ਜਾਣਾ ਹੈ।"** – ਰਸੂਲਾਂ. 4:12

**"ਮੈਂ, ਹਾਂ, ਮੈਂ ਹੀ ਯਹੋਵਾਹ ਹਾਂ। ਮੇਰੇ ਬਿਨ੍ਹਾਂ ਕੋਈ ਬਚਾਉਣ ਵਾਲਾ ਨਹੀਂ ਹੈ।"**

– ਯਸਾ. 43:11

# ਜੇਕਰ ਅਸੀਂ ਸਦੀਪਕ ਜੀਵਨ ਚਾਹੁੰਦੇ ਤਾਂ ਅਸੀਂ ਯਿਸੂ ਨੂੰ ਹੀ ਕਿਉਂ ਚੁਣਨਾ ਹੈ?

**1. ਇਹ ਮਸੀਹ ਹੈ ਜੋ ਆਇਆ ਸੀ।**

**"...ਮੈਂ ਆਇਆ ਤਾਂ ਜੋ ਤੁਹਾਨੂੰ ਸਦੀਪਕ ਜੀਵਨ ਮਿਲੇ...।"** – ਯੂਹੰਨਾ 10:10




**2. ਇਹ ਮਸੀਹ ਹੈ ਜਿਸ ਨੇ ਸਾਨੂੰ ਪਿਆਰ ਕੀਤਾ ਅਤੇ ਸਾਡੇ ਲਈ ਮਰ ਗਿਆ ਸੀ।**

**"ਪਰਮੇਸ਼ੁਰ ਦੇ ਪੁੱਤਰ ਨੇ. . .ਮੈਨੂੰ ਪਿਆਰ ਕੀਤਾ ਅਤੇ ਖੁਦ ਨੂੰ ਮੇਰੇ ਲਈ ਦੇ ਦਿੱਤਾ।"**

– ਗਲਾਤੀਆਂ 2:20ਅ

ਯਿਸੂ ਸਾਡੇ ਵਰਗਾ ਹੀ, ਮਾਸ ਅਤੇ ਲਹੂ ਦਾ ਇੱਕ ਮਨੁੱਖ ਬਣ ਗਿਆ ਸੀ **"ਤਾਂ ਜੋ**

**ਉਹ ਉਸ ਨੂੰ ਜਿਹ ਦੇ ਵੱਸ ਵਿੱਚ ਮੌਤ ਹੈ ਅਰਥਾਤ , ਸ਼ਤਾਨ, ਨੂੰ ਨਾਸ ਕਰੇ। ਅਤੇ ਉਨ੍ਹਾਂ ਨੂੰ ਜਿਹੜੇ ਮੌਤ ਦੇ ਡਰ ਤੋਂ ਸਾਰੀ ਉਮਰ ਗੁਲਾਮੀ ਵਿੱਚ ਫਸੇ ਹੋਏ ਸਨ ਛੁਡਾਵੇ।"**



– ਇਬਰਾਨੀਆਂ 2:14ਅ, 15

**3. ਸਿਰਫ ਯਿਸੂ ਦਾ ਲਹੂ ਸਾਡੇ ਪਾਪਾਂ ਲਈ ਇਲਾਜ ਹੈ**

**"ਇਹ ਲਹੂ ਹੈ ਜਿਹੜਾ ਕਿ ਪ੍ਰਾਣ ਲਈ ਪ੍ਰਾਸਚਿੱਤ** {ਮਾਫ਼ੀ} **ਕਰਦਾ ਹੈ।"**

– ਲੇਵੀਆਂ 17:11ਅ

**"ਉਹ ਦੇ ਪੁੱਤਰ ਯਿਸੂ ਦਾ ਲਹੂ ਸਾਨੂੰ ਸਾਰੇ ਪਾਪਾਂ ਤੋਂ ਸ਼ੁੱਧ ਕਰਦਾ ਹੈ।"**

– 1 ਯੂਹੰਨਾ 1:7ਅ

**"ਉਹ ਦੇ ਵਿੱਚ ਸਾਨੂੰ ਨਿਸਤਾਰਾ** {ਮੁਕਤੀ} **ਅਰਥਾਤ ਪਾਪਾਂ ਦੀ ਮਾਫ਼ੀ ਮਿਲਦੀ ਹੈ।"**

– ਕੁਲੁੱਸੀਆਂ 1:14



## 4. ਇਹ ਮਸੀਹ ਹੈ ਜਿਹੜਾ ਮੁਰਦਿਆਂ ਦੇ ਵਿੱਚੋਂ ਜੀ ਉੱਠਿਆ ਹੈ।

**"ਕਿਉਂ ਜੋ ਅਸੀਂ ਇਹ ਜਾਣਦੇ ਹਾਂ ਭਈ ਮਸੀਹ ਜੋ ਮੁਰਦਿਆਂ ਦੇ ਵਿੱਚੋਂ ਜੀ ਉੱਠਿਆ ਤਾਂ ਫੇਰ ਨਹੀਂ ਮਰਦਾ। ਅਗਾਹਾਂ ਨੂੰ ਮੌਤ ਦਾ ਓਸ ਉੱਤੇ ਵੱਸ** {ਅਧਿਕਾਰ} **ਨਹੀਂ।"** – ਰੋਮੀਆਂ 6:9

**"ਅਤੇ ਉਹ ਸਭਨਾਂ ਦੇ ਲਈ ਮੋਇਆ, ਭਈ ਜਿਹੜੇ ਜੀਉਂਦੇ ਹਨ ਓਹ ਅਗਾਹਾਂ ਨੂੰ ਆਪਣੇ ਲਈ ਨਹੀਂ ਸਗੋਂ ਉਹ ਦੇ ਲਈ ਜੀਉਣ ਜਿਹੜਾ ਉਨ੍ਹਾਂ ਦੇ ਲਈ ਮੋਇਆ ਅਤੇ ਫੇਰ ਜੀ ਉੱਠਿਆ।"**
– 2 ਕੁਰਿੰਥੀਆਂ 5:15

ਯਿਸੂ ਨੇ ਆਖਿਆ, **"ਕਿਉਂਕਿ ਮੈਂ ਜੀਉਂਦਾ ਹਾਂ ਤੁਸੀਂ ਵੀ ਜੀਓਗੇ।"** – ਯੂਹੰਨਾ 14:19ਅ

## ਸਦੀਪਕ ਜੀਵਨ ਲਈ {ਸਦਾ ਵਾਸਤੇ} ਜੀਉਂਦੇ ਹੋਣ ਵਾਸਤੇ ਸਾਡੇ ਵਿੱਚ ਮਸੀਹ ਦਾ ਆਤਮਾ ਹੋਣ ਜਰੂਰੀ ਹੈ।

**"ਮਸੀਹ ਤੁਹਾਡੇ ਵਿੱਚ ਪਰਤਾਪ ਦੀ ਆਸ ਹੈ"** – ਕੁਲੱਸੀਆਂ 1:27ਅ

**"ਜੇ ਉਹ ਦਾ ਆਤਮਾ ਜਿਸ ਨੇ ਯਿਸੂ ਨੂੰ ਮੁਰਦਿਆਂ ਦੇ ਵਿੱਚੋਂ ਜਿਵਾਲਿਆ ਤੁਹਾਡੇ ਵਿੱਚ ਵੱਸਦਾ ਹੈ ਤਾਂ ਜਿਹ ਨੇ ਮਸੀਹ ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਉਹ ਆਪਣੇ ਆਤਮਾ ਦੇ ਵਸੀਲੇ ਨਾਲ ਜਿਹੜਾ ਤੁਹਾਡੇ ਵਿੱਚ ਵੱਸਦਾ ਹੈ ਤੁਹਾਡੀਆਂ ਮਰਨਹਾਰ {ਸਰੀਰਕ} ਦੇਹੀਆਂ ਨੂੰ ਵੀ ਜਿਵਾਲੇਗਾ। "** – ਰੋਮੀਆਂ 8:11

### ਇਹ ਯਕੀਨੀ ਬਣਾਓ ਕਿ ਮਸੀਹ ਦਾ ਆਤਮਾ ਤੁਹਾਡੇ ਵਿੱਚ ਵੱਸੇ

**"ਜਿਹ ਦੇ ਵਿੱਚ ਮਸੀਹ ਦਾ ਆਤਮਾ ਨਹੀਂ ਹੈ, ਸੋ ਓਹ ਉਹ ਦਾ ਨਹੀਂ ਹੈ {ਮਸੀਹ ਨਾਲ ਸਬੰਧ ਨਹੀਂ ਰੱਖਦਾ ਹੈ}। "** – ਰੋਮੀਆਂ 8:9ਅ

# ਯਿਸੂ ਸਾਰੇ ਬੱਚਿਆਂ ਨੂੰ ਪਿਆਰ ਕਰਦਾ ਹੈ



**"ਅਤੇ ਉਸ ਨੇ ਉਨ੍ਹਾਂ ਨੂੰ ਕੁੱਛੜ ਚੁੱਕਿਆ ਅਤੇ ਉਨ੍ਹਾਂ ਉੱਤੇ ਹੱਥ ਰੱਖ ਕੇ ਉਨ੍ਹਾਂ ਨੂੰ ਅਸੀਸ ਦਿੱਤੀ।"**

– ਮਰਕੁਸ 10:16

"ਯਿਸੂ ਮੈਨੂੰ ਪਿਆਰ ਕਰਦਾ ਹੈ, ਇਹ ਮੈਂ ਜਾਣਦਾ ਹਾਂ, ਕਿਉਂਜੋ ਬਾਈਬਲ ਮੈਨੂੰ ਇਸ ਤਰਾਂ ਦੱਸਦੀ ਹੈ।"

**"ਪਰ ਯਿਸੂ ਨੇ ਉਨ੍ਹਾਂ ਨੂੰ ਆਪਣੇ ਕੋਲ ਸੱਦ ਕੇ ਕਿਹਾ, 'ਛੋਟਿਆਂ ਬਾਲਕਾਂ ਨੂੰ ਮੇਰੇ ਕੋਲ ਆਉਣ ਦਿਓ ਅਤੇ ਉਨ੍ਹਾਂ ਨੂੰ ਨਾ ਵਰਜੋ ਕਿਉਂ ਜੋ ਪਰਮੇਸ਼ੁਰ ਦਾ ਰਾਜ ਇਹੋ ਜਿਹਿਆਂ ਦਾ ਹੈ।'"**

– ਲੂਕਾ 18:16

**"ਇਸ ਤਰਾਂ ਤੁਹਾਡਾ ਪਿਤਾ ਦੀ ਜਿਹੜਾ ਸਵਰਗ ਵਿੱਚ ਹੈ ਮਰਜੀ ਨਹੀਂ ਜੋ ਇਨ੍ਹਾਂ ਛੋਟਿਆਂ ਵਿੱਚੋਂ ਇੱਕ ਵੀ ਨਾਸ ਹੋ ਜਾਵੇ {ਜਾਂ ਸਦਾ ਲਈ ਗੁਆਚੇ}।"**

– ਮੱਤੀ 18:14

ਇਸ ਨਾਲ ਕੋਈ ਫਰਕ ਨਹੀਂ ਕਿ ਤੁਸੀਂ ਕੌਣ ਹੋ ਅਤੇ ਕਿੱਥੇ ਰਹਿੰਦੇ ਹੋ, ਯਿਸੂ ਤੁਹਾਨੂੰ ਪਿਆਰ ਕਰਦਾ ਅਤੇ ਤੁਹਾਡੇ ਲਈ ਮਰ ਗਿਆ। ਯਿਸੂ ਤੁਹਾਡੇ ਵੀ, ਪਿਆਰ ਨੂੰ ਚਾਹੁੰਦਾ ਹੈ। ਤੁਸੀਂ ਉਸ ਦੀ ਆਗਿਆ ਮੰਨਣ ਦੇ ਦੁਆਰਾ ਯਿਸੂ ਲਈ ਆਪਣਾ ਪਿਆਰ ਵਿਖਾ ਸਕਦੇ ਹੋ।

**"ਜੇ ਤੁਸੀਂ ਮੈਨੂੰ ਪਿਆਰ ਕਰਦੇ ਹੋ, ਤਾਂ ਮੇਰੇ ਹੁਕਮਾਂ ਦੀ ਪਾਲਨਾ ਕਰੋਗੇ।"**

– ਯੂਹੰਨਾ 14:15

**"ਬੱਚਾ ਵੀ ਆਪਣੇ ਕਰਤੱਬਾਂ ਤੋਂ ਸਿਆਣੀਦਾ ਹੈ।"** – ਕਹਾਉਤਾਂ 20:11ੳ

# ਕਿਵੇਂ ਤੁਸੀਂ ਪਰਮੇਸ਼ੁਰ ਦਾ ਰਾਹ ਲੱਭ ਸਕਦੇ ਹੋ

**1. ਸਵੀਕਾਰ ਕਰੋ ਕਿ ਤੁਸੀਂ ਪਾਪੀ ਹੋ (ਸਫਾ 7 ਵੇਖੋ)**

**"ਕਿਉਂਕਿ ਸਭਨਾਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ।"**

– ਰੋਮੀਆਂ 3:23

**2. ਯਿਸੂ ਮਸੀਹ ਰਾਹੀਂ ਪਰਮੇਸ਼ੁਰ ਦੇ ਕੋਲ ਆਉ।**

**"ਕਿਉਂ ਜੋ ਪਰਮੇਸ਼ੁਰ ਇੱਕੋ ਹੀ ਹੈ ਅਰ ਪਰਮੇਸ਼ੁਰ ਅਤੇ ਮਨੁੱਖਾਂ ਦੇ ਵਿੱਚਕਾਰ ਇੱਕੋ ਵਿਚੋਲਾ ਹੈ ਜਿਹੜਾ ਆਪ ਮਨੁੱਖ ਹੈ ਅਰਥਾਤ ਮਸੀਹ ਯਿਸੂ।"** – 1 ਤਿਮੋ. 2:5

**"ਇਸ ਲਈ ਉਹ ਉਨ੍ਹਾਂ ਦਾ ਪੂਰਾ ਨਿਸਤਾਰ ਕਰ ਸਕਦਾ ਹੈ. . .ਜਿਹੜਾ ਉਸ ਰਾਹੀਂ ਪਰਮੇਸ਼ੁਰ ਦੇ ਕੋਲ ਆਉਂਦਾ ਹੈ।"** – ਇਬਰਾਨੀਆਂ 7:25ੳ

**ਯਿਸੂ ਨੇ ਆਖਿਆ, "ਜੋ ਮੇਰੇ ਕੋਲ ਆਉਂਦਾ ਹੈ ਮੈਂ ਕਦੇ ਵੀ ਉਸ ਨੂੰ ਕੱਢ ਨਾ ਦਿਆਂਗਾ।"**

– ਯੂਹੰਨਾ 6:37ਅ

### **3. ਆਪਣੇ ਪਾਪਾਂ ਤੋਂ ਤੋਬਾ ਕਰੋ**

(ਤੋਬਾ ਕਰਨ ਦਾ ਅਰਥ ਹੈ "ਪਾਪ ਲਈ ਮਾਫ਼ੀ")

**"ਤੋਬਾ ਕਰੋ ਅਤੇ ਮੁੜੋ ਭਈ ਤੁਹਾਡੇ ਪਾਪ ਮਿਟਾਏ ਜਾਣ. . ."**

– ਰਸੂਲਾਂ. 3:19ੳ

**"ਪ੍ਰਭੂ. . .ਤੁਹਾਡੇ ਨਾਲ ਧੀਰਜ ਕਰਦਾ ਹੈ ਕਿਉਂ ਜੋ ਉਹ ਨਹੀਂ ਚਾਹੁੰਦਾ ਹੈ ਭਈ ਕਿਸੇ ਦਾ ਨਾਸ ਹੋਵੇ ਸਗੋਂ ਸੱਭੇ ਤੋਬਾ ਵੱਲ ਮੁੜਨ। "**

– 2 ਪਤਰਸ 3:9




### **4. ਆਪਣੇ ਪਾਪਾਂ ਦਾ ਯਿਸੂ ਅੱਗੇ ਇਕਰਾਰ ਕਰੋ**

(ਇਕਰਾਰ ਦਾ ਅਰਥ ਹੈ "ਦੱਸੋ ਜਾਂ ਸਵੀਕਾਰ ਕਰੋ")

26 ਹੇਠਾਂ ਦਿੱਤੀਆਂ ਲਾਈਨਾਂ ਤੇ 1 ਯੂਹੰਨਾ 1:9ੳ ਨੂੰ ਜਿਵੇਂ ਕਿ ਸਫ਼ਾ 25 ਤੇ ਹੱਥਾਂ ਦੇ ਉੱਤੇ ਆਇਤ ਹੈ ਉਸ ਨੂੰ ਲਿਖੋ ਜਾਂ ਪ੍ਰਿੰਟ ਕਰੋ।

______________________________

______________________________

______________________________

______________________________

**5. ਆਪਣੇ ਪਾਪਾਂ ਨੂੰ ਛੱਡ ਦਿਉ।**

(ਛੱਡਣ ਦਾ ਅਰਥ ਹੈ "ਇਕੱਲਾ ਛੱਡਣਾ, ਤਿਆਗ ਦੇਣਾ)

**"ਜਿਹੜਾ ਆਪਣੇ ਅਪਰਾਧਾਂ ਨੂੰ ਲੁੱਕੋ ਲੈਂਦਾ ਉਹ ਸਫਲ ਨਹੀਂ ਹੁੰਦਾ ਹੈ।"**

– ਕਹਾਉਤਾਂ 28:13

**"ਬੁਰਿਆਈ ਤੋਂ ਹਟ, ਭਲਿਆਈ ਕਰ।"** – ਜ਼ਬੂਰ 37:27ੳ



"ਕਿਉਂਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ. . .ਇਹ ਪਰਮੇਸ਼ੁਰ ਦੀ ਬਖ਼ਸ਼ੀਸ਼ ਹੈ; ਇਹ ਕਰਨੀਆਂ ਤੋਂ ਨਹੀਂ ਅਜਿਹਾ ਨਾ ਹੋਵੇ ਭਈ ਕੋਈ ਘੁਮੰਡ ਕਰੇ।" – ਅਫ਼ਸੀਆਂ 2:8-9

**"ਕਿਉਂਕਿ ਜੇ ਤੂੰ ਆਪਣੇ ਮੂੰਹ ਨਾਲ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇਂ ਜੋ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ।"** – ਰੋਮੀਆਂ 10:9ਅ

**"ਪ੍ਰਭੂ ਯਿਸੂ ਉੱਤੇ ਨਿਹਚਾ ਕਰ ਤਾਂ ਤੂੰ ਅਤੇ ਤੇਰਾ ਘਰਾਣਾ ਬਚਾਏ ਜਾਓਗੇ।"** – ਰਸੂਲਾਂ. 16:31ਅ

# 7. ਯਿਸੂ ਮਸੀਹ ਨੂੰ ਆਪਣੇ ਦਿਲ ਅਤੇ ਜੀਵਨ ਦੇ ਵਿੱਚ ਗ੍ਰਹਿਣ ਕਰੋ

ਸਿਰਫ ਤੁਸੀਂ ਆਪਣੇ ਦਿਲ ਦਾ ਬੂਹਾ ਖੋਲ੍ਹ ਸਕਦੇ ਹੋ ਅਤੇ ਯਿਸੂ ਨੂੰ ਅੰਦਰ ਆਉਣ ਦਾ ਸੱਦਾ ਦੇ ਸਕਦੇ ਹੋ। ਯਿਸੂ ਨੇ ਆਖਿਆ, **“ਵੇਖ, ਮੈਂ ਬੂਹੇ ਦੇ ਉੱਤੇ ਖਲੋਤਾ ਅਤੇ ਖੜਕਾਉਂਦਾ ਹਾਂ। ਜੇ ਕੋਈ ਮੇਰੀ ਅਵਾਜ਼ ਸੁਣੇ ਅਤੇ ਬੂਹਾ ਖੋਲ੍ਹ ਦੇਵੇ ਤਾਂ ਮੈਂ ਉਹ ਦੇ ਕੋਲ ਅੰਦਰ ਆਵਾਂਗਾ ਅਤੇ ਉਹ ਦੇ ਨਾਲ ਰੋਟੀ ਖਾਵਾਂਗਾ ਅਤੇ ਉਹ ਮੇਰੇ ਨਾਲ ਖਾਵੇਗਾ।”**



– ਪਰਕਾਸ਼ ਦੀ ਪੋਥੀ 3:20

**“ਪਰ ਜਿੰਨਿਆਂ ਨੇ ਉਸ ਨੂੰ ਕਬੂਲ ਕੀਤਾ ਉਸ ਨੇ ਉਨ੍ਹਾਂ ਨੂੰ ਪਰਮੇਸ਼ੁਰ ਦੇ ਪੁੱਤਰ ਹੋਣ ਦਾ ਹੱਕ ਦਿੱਤਾ ਅਰਥਾਤ ਜਿਨ੍ਹਾਂ ਨੇ ਉਸ ਦੇ ਨਾਮ ਉੱਤੇ ਨਿਹਚਾ ਕੀਤੀ।”**

– 1 ਯੂਹੰਨਾ 1:12

# ਇੱਕ ਪ੍ਰਾਰਥਨਾ ਸਹਾਇਕ



ਜੇਕਰ ਤੁਸੀਂ ਪਹਿਲਾਂ ਕਦੇ ਵੀ ਪ੍ਰਾਰਥਨਾ ਨਹੀਂ ਕੀਤੀ ਅਤੇ ਤੁਹਾਨੂੰ ਪ੍ਰਾਰਥਨਾ ਕਰਨ ਲਈ ਸਹਾਇਤਾ ਦੀ ਲੋੜ ਹੈ, ਤੁਸੀਂ ਹੇਠਾਂ ਦਿੱਤੀ ਪ੍ਰਾਰਥਨਾ ਨੂੰ ਇੱਕ ਸਹਾਇਕ ਵਜੋਂ ਪ੍ਰਯੋਗ ਕਰ ਸਕਦੇ ਹੋ:



**ਪਿਆਰੇ ਪ੍ਰਭੂ ਯਿਸੂ,**

**ਮੇਰੇ ਪਾਪਾਂ ਨੂੰ ਦੂਰ ਕਰਨ ਲਈ ਸਲੀਬ ਉੱਤੇ ਮਰਨ ਵਾਸਤੇ ਤੁਹਾਡਾ ਧੰਨਵਾਦ। ਸਾਰੀਆਂ ਗ਼ਲਤੀਆਂ ਜੋ ਮੈਂ ਕੀਤੀਆਂ ਹਨ ਉਸ ਦੇ ਲਈ ਮੈਂ ਮਾਫ਼ੀ ਮੰਗਦਾ ਹਾਂ। ਮੈਂ ਚਾਹੁੰਦਾ ਹਾਂ ਕਿ ਤੁਸੀਂ ਮੇਰੇ ਦਿਲ ਵਿੱਚ ਆ ਜਾਓ ਅਤੇ ਸਦਾ ਲਈ ਮੇਰੇ ਦਿਲ ਵਿੱਚ ਰਹੋ। ਮੈਂ ਇਸੇ ਵੇਲੇ ਮੇਰੇ ਦਿਲ ਨੂੰ ਸ਼ੁੱਧ ਕਰਨ ਲਈ ਤੁਹਾਡੇ ਤੇ ਭਰੋਸਾ ਕਰ ਰਿਹਾ ਹਾਂ। ਮੈਂ ਤੁਹਾਨੂੰ ਮੇਰਾ ਆਪਣਾ ਮੁਕਤੀਦਾਤਾ ਅਤੇ ਪ੍ਰਭੂ ਬਣਾਉਂਦਾ ਹਾਂ।**

**ਤੁਹਾਡੇ ਨਾਮ ਵਿੱਚ ਮੈਂ ਪ੍ਰਾਰਥਨਾ ਕਰਦਾ ਹਾਂ, ਆਮੀਨ।**

# ਤੁਹਾਡੇ ਦਿਲ ਵਿੱਚ ਯਿਸੂ ਦੇ ਹੋਣ ਨਾਲ ਤੁਹਾਡੇ ਕੋਲ ਸਦੀਪਕ ਜੀਵਨ ਹੈ

**“ਪਰਮੇਸ਼ੁਰ ਨੇ ਸਾਨੂੰ ਸਦੀਪਕ ਜੀਵਨ ਦਿੱਤਾ ਅਤੇ ਇਹ ਜੀਵਨ ਉਹ ਦੇ ਪੁੱਤਰ ਵਿੱਚ ਹੈ। ”**

– 1 ਯੂਹੰ. 5:11ਅ, 12ੳ

**“ਜੋ ਮੇਰਾ ਵਚਨ ਸੁਣਦਾ ਅਤੇ ਉਹ ਦੀ ਪਰਤੀਤ ਕਰਦਾ ਜਿਸ ਨੇ ਮੈਨੂੰ ਭੇਜਿਆ ਹੈ. . .ਉਹ ਜੀਉਣ ਵਿੱਚ ਜਾ ਪਹੁੰਚਿਆ ਹੈ। ”** – ਯੂਹੰਨਾ 5:24ਅ

**ਜਦੋਂ ਤੁਹਾਡਾ ਸਰੀਰ ਮਰਦਾ ਹੈ, ਤੁਸੀਂ ਪ੍ਰਭੂ ਕੋਲ ਜਾ ਪਹੁੰਚਦੇ ਹੋ (2 ਕੁਰਿੰਥੀਆਂ 5:8)।**
**“ਮਸੀਹ ਤੁਹਾਡੇ ਵਿੱਚ ਪਰਤਾਪ ਦੀ ਆਸ ਹੈ”** –ਕੁਲੁੱਸੀਆਂ 1:27ਅ

ਜੇਕਰ ਤੁਸੀਂ ਯਿਸੂ ਨੂੰ ਤੁਹਾਡੇ ਪਾਪ ਮਾਫ਼ ਕਰਨ ਦੇ ਲਈ ਆਖਿਆ ਹੈ, ਅਤੇ ਤੁਸੀਂ ਪ੍ਰਭੂ ਯਿਸੂ ਮਸੀਹ ਤੇ ਆਪਣਾ ਮੁਕਤੀਦਾਤਾ ਹੋਣ ਲਈ ਵਿਸ਼ਵਾਸ ਕੀਤਾ ਹੈ, ਆਪਣਾ ਨਾਮ ਹੇਠਾਂ ਲਿਖੋ।



ਹਰ ਦਿਨ ਬਾਈਬਲ (ਪਰਮੇਸ਼ੁਰ ਦੇ ਵਚਨ) ਤੋਂ ਆਇਤਾਂ ਪੜ੍ਹੋ ਅਤੇ ਖਾਸ ਆਇਤਾਂ ਜਿਨ੍ਹਾਂ ਨੇ ਤੁਹਾਡੀ ਸਹਾਇਤਾ ਕੀਤੀ ਸੀ ਨੂੰ ਯਾਦ ਕਰਨ ਦੇ ਦੁਆਰਾ ਆਪਣੇ ਦਿਲ ਵਿੱਚ ਰੱਖੋ (ਬਹੁਤ ਸਾਰੀਆਂ ਇਸ ਛੋਟੀ ਕਿਤਾਬ ਦੇ ਵਿੱਚ ਹਨ)।

**"ਸਾਰੀ ਲਿਖਤ {ਜੋ ਤੁਸੀਂ ਵਿਸ਼ਵਾਸ ਕਰਦੇ} ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ"**

– 2 ਤਿਮੋਥਿਉਸ 3:16

# 32 ਕਿਸੇ ਵੀ ਸਮੇਂ ਪਰਮੇਸ਼ੁਰ ਦੇ ਨਾਲ ਪ੍ਰਾਰਥਨਾ ਵਿੱਚ ਗੱਲਬਾਤ ਕਰੋ



ਜੀਵਨ ਵਿੱਚ ਸਾਰੀਆਂ ਚੰਗੀਆਂ ਗੱਲਾਂ ਲਈ **ਯਿਸੂ ਦਾ ਧੰਨਵਾਦ** ਕਰੋ। ਤੁਹਾਡੇ ਲਈ ਅਤੇ ਤੁਹਾਡੀ ਜਾਨ ਬਚਾਉਣ ਦੇ ਲਈ ਜੋ ਉਸ ਨੇ ਤੁਹਾਡੇ ਲਈ ਕੀਤਾ ਹੈ ਵਾਸਤੇ **ਉਸ ਦੀ ਵਡਿਆਈ ਕਰੋ**। **ਕੋਈ ਵੀ ਲੋੜ ਜੋ ਤੁਹਾਡੀ ਹੈ ਉਸ ਦੇ ਲਈ ਪ੍ਰਾਰਥਨਾ ਕਰੋ**। ਯਿਸੂ ਦੇ ਨਾਮ ਵਿੱਚ ਪ੍ਰਾਰਥਨਾ ਕਰੋ।

**"ਜੇ ਅਸੀਂ ਉਸ ਦੀ ਇੱਛਿਆ ਦੇ ਅਨੁਸਾਰ ਕੁਝ ਮੰਗਦੇ ਹਾਂ ਤਾਂ ਉਹ ਸਾਡੀ ਸੁਣਦਾ ਹੈ। "** – 1 ਯੂਹੰਨਾ 5:14ਅ

**"ਜੋ ਤੁਸੀਂ ਪਿਤਾ ਕੋਲੋਂ ਕੁਝ ਮੰਗੋਗੇ ਤਾਂ ਉਹ ਮੇਰੇ ਨਾਮ ਕਰਕੇ ਤੁਹਾਨੂੰ ਦੇਵੇਗਾ। "** – ਯੂਹੰਨਾ 16:23ਅ

**". . .ਇੱਕ ਦੂਜੇ ਲਈ ਪ੍ਰਾਰਥਨਾ ਕਰੋ. . .। "** – ਯਾਕੂਬ 5:16

**"ਆਪਣੇ ਵੈਰੀਆਂ ਨਾਲ ਪਿਆਰ ਕਰੋ ਅਤੇ ਜੋ ਤੁਹਾਨੂੰ ਸਤਾਉਣ ਉਨ੍ਹਾਂ ਲਈ ਪ੍ਰਾਰਥਨਾ ਕਰੋ। "** – ਮੱਤੀ 5:44ਅ

# ਚੇਲਿਆਂ ਨੂੰ ਸਿਖਾਈ ਯਿਸੂ ਦੀ ਇੱਕ ਪ੍ਰਾਰਥਨਾ

(ਇੱਕ ਚੇਲਾ ਉਹ ਹੈ ਜਿਹੜਾ ਯਿਸੂ ਦੇ ਪਿੱਛੇ ਚੱਲਦਾ ਹੈ)

ਯਿਸੂ ਨੇ ਉਸ ਦੇ ਚੇਲਿਆਂ ਨੂੰ ਆਖਿਆ ਤੁਸੀਂ ਇਸ ਤਰਾਂ ਪ੍ਰਾਰਥਨਾ ਕਰੋ:

**"ਹੇ ਸਾਡੇ ਪਿਤਾ, ਜਿਹੜਾ ਸਵਰਗ ਵਿੱਚ ਹੈ। ਤੇਰਾ ਨਾਮ ਪਾਕ ਮੰਨਿਆ ਜਾਵੇ। ਤੇਰਾ ਰਾਜ ਆਵੇ। ਤੇਰੀ ਮਰਜ਼ੀ ਜਿਵੇਂ ਸਵਰਗ ਵਿੱਚ ਪੂਰੀ ਹੁੰਦੀ ਹੈ ਜਮੀਨ ਉੱਤੇ ਵੀ ਹੋਵੇ। ਸਾਡੀ ਰੋਜ ਦੀ ਰੋਟੀ ਅੱਜ ਸਾਨੂੰ ਦਿਹ, ਅਤੇ ਸਾਡੇ ਕਰਜ਼ ਸਾਨੂੰ ਮਾਫ਼ ਕਰ, ਜਿਵੇਂ ਅਸੀਂ ਵੀ ਆਪਣੇ ਕਰਜਾਇਆਂ ਨੂੰ ਮਾਫ਼ ਕੀਤਾ ਹੈ। ਅਤੇ ਸਾਨੂੰ ਪਰਤਾਵੇ ਵਿੱਚ ਨਾ ਲਿਆ, ਸਗੋਂ ਬੁਰਿਆਈ ਤੋਂ ਬਚਾ। ਕਿਉਂਜੋ ਰਾਜ, ਸ਼ਕਤੀ ਅਤੇ ਮਹਿਮਾ ਸਦਾ ਲਈ ਤੇਰੀ ਹੀ ਹੈ। ਆਮੀਨ।"** – ਮੱਤੀ 6:9–13

ਇਹ ਪ੍ਰਾਰਥਨਾ ਯਾਦ ਕੀਤੀ ਜਾਣੀ ਚਾਹੀਦੀ ਹੈ। ਵਿਸ਼ਵਾਸੀ ਅਕਸਰ ਇਹ ਪ੍ਰਾਰਥਨਾ ਉੱਚੀ ਕਰਦੇ ਹਨ।

# ਪਰਮੇਸ਼ੁਰ ਦੇ ਦਸ ਹੁਕਮ ਸਾਨੂੰ ਕਿਵੇਂ ਜੀਵਨ ਬਿਤਾਉਣਾ ਸਿਖਾਉਂਦੇ ਹਨ

(ਕੂਚ, ਅਧਿਆਏ 20)

ਪਹਿਲੇ ਚਾਰ ਪਰਮੇਸ਼ੁਰ ਲਈ ਸਾਡੇ ਪਿਆਰ ਦੇ ਬਾਰੇ ਹਨ

**1. "ਮੇਰੇ ਸਨਮੁੱਖ ਤੇਰੇ ਲਈ ਦੂਜੇ ਦੇਵਤੇ ਨਾ ਹੋਣ।"**

**2. "ਤੂੰ ਆਪਣੇ ਲਈ ਉੱਕਰੀ ਹੋਈ ਮੂਰਤ ਨਾ ਬਣਾ, ਨਾ ਕਿਸੇ ਚੀਜ਼ ਦੀ ਸੂਰਤ. . .; ਨਾ ਤੂੰ ਉਨ੍ਹਾਂ ਨੂੰ ਮੱਥਾ ਟੇਕ, ਨਾ ਉਨ੍ਹਾਂ ਦੀ ਪੂਜਾ ਕਰ।"**

**3. "ਤੂੰ ਯਹੋਵਾਹ ਆਪਣੇ ਪਰਮੇਸ਼ੁਰ ਦਾ ਨਾਮ ਵਿਅਰਥ ਨਾ ਲੈ।"**

**4. "ਤੂੰ ਸਬਤ ਦੇ ਦਿਨ ਨੂੰ ਪਵਿੱਤਰ ਰੱਖ ਕੇ ਚੇਤੇ ਰੱਖ।"**

ਆਖਿਰਲੇ ਛੇ ਮਨੁੱਖਾਂ ਲਈ ਸਾਡੇ ਪਿਆਰ ਦੇ ਬਾਰੇ ਵਿੱਚ ਹਨ

5. "ਤੂੰ ਆਪਣੇ ਮਾਤਾ ਪਿਤਾ ਦਾ ਆਦਰ ਕਰ।"

6. "ਤੂੰ ਖ਼ੂਨ ਨਾ ਕਰ।"

7. "ਤੂੰ ਜ਼ਨਾਹ ਨਾ ਕਰ।"

8. "ਤੂੰ ਚੋਰੀ ਨਾ ਕਰ।"

9. "ਤੂੰ ਆਪਣੇ ਗੁਆਂਢੀ ਉੱਤੇ ਝੂਠੀ ਗਵਾਹੀ ਨਾ ਦੇਹ।"

10. "ਤੂੰ ਆਪਣੇ ਗੁਆਂਢੀ ਦੀ ਕਿਸੇ ਵੀ ਵਸਤੂ ਦਾ. . .ਲਾਲਚ ਨਾ ਕਰ।"

**ਪਰਮੇਸ਼ੁਰ ਦੀ ਆਗਿਆਕਾਰੀ ਸਾਡੀਆਂ ਪ੍ਰਾਰਥਨਾਵਾਂ ਦੇ ਉੱਤਰ ਲਿਆਉਂਦੀ ਹੈ**

"ਜੋ ਕੁਝ ਅਸੀਂ ਮੰਗਦੇ ਹਾਂ ਸੋ ਓਸ ਤੋਂ ਸਾਨੂੰ ਮਿਲਦਾ ਹੈ ਕਿਉਂ ਜੋ ਉਹ ਦੇ ਹੁਕਮਾਂ ਦੀ ਪਾਲਨਾ ਕਰਦੇ ਹਾਂ ਅਤੇ ਉਹ ਕੰਮ ਕਰਦੇ ਹਾਂ ਜਿਹੜੇ ਉਹ ਨੂੰ ਭਾਉਂਦੇ ਹਨ।" – 1 ਯੂਹੰਨਾ 3:22

# ਦੋ ਸਭ ਤੋਂ ਵੱਡੇ ਹੁਕਮ

## ਪਰਮੇਸ਼ੁਰ ਲਈ ਪਿਆਰ

**1. "ਯਿਸੂ ਨੇ ਉਸ ਨੂੰ ਆਖਿਆ, 'ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ ਪਿਆਰ ਕਰ। "** – ਮੱਤੀ 22:37, 38

## ਮਨੁੱਖ ਲਈ ਪਿਆਰ

**2. "ਅਤੇ ਦੂਜਾ ਇਹ ਦੇ ਵਾਂਙੁ ਹੈ: ਤੂੰ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ। "** – ਮੱਤੀ 22:39




ਸਾਰੇ ਦਸ ਹੁਕਮ (ਸਫਾ 34 ਅਤੇ 35) ਦੋ ਸਭ ਤੋਂ ਵੱਡੇ ਹੁਕਮਾਂ ਦੇ ਵਿੱਚ ਸ਼ਾਮਲ ਕੀਤੇ ਗਏ ਹਨ।

ਵੱਡਾ "ਪਿਆਰ ਦਾ ਅਧਿਆਏ"

1ਭਾਵੇਂ ਮੈਂ ਮਨੁੱਖਾਂ ਅਤੇ ਸਵਰਗੀ ਦੂਤਾਂ ਦੀਆਂ ਬੋਲੀਆਂ ਬੋਲਾਂ ਪਰ ਜੇ ਮੇਰੇ ਵਿੱਚ ਪ੍ਰੇਮ ਨਾ ਹੋਵੇ ਤਾਂ ਠਣ ਠਣ ਕਰਨ ਵਾਲਾ ਪਿੱਤਲ ਅਥਵਾ ਛਣ–ਛਣ ਕਰਨ ਵਾਲੇ ਛੈਣੇ ਬਣਿਆ ਹਾਂ। 2ਅਤੇ ਭਾਵੇਂ ਮੈਨੂੰ ਅਗੰਮ ਵਾਕ ਬੋਲਣਾ ਆਵੇ ਅਤੇ ਮੈਂ ਸਾਰੇ ਭੇਤ ਅਤੇ ਸਾਰਾ ਗਿਆਨ ਜਾਣਾਂ ਅਤੇ ਭਾਵੇਂ ਮੈਂ ਪੂਰੀ ਨਿਹਚਾ ਰੱਖਾਂ ਅਜਿਹੀ ਭਈ ਪਹਾੜਾਂ ਨੂੰ ਹਟਾਂ ਦਿਆਂ ਪਰ ਪ੍ਰੇਮ ਨਾ ਰੱਖਾਂ, ਮੈਂ ਕੁਝ ਵੀ ਨਹੀਂ। 3ਅਤੇ ਭਾਵੇਂ ਮੈਂ ਆਪਣਾ ਸਾਰ ਮਾਲ ਖੁਆਉਣ ਲਈ ਪੁੰਨ ਕਰ ਦਿਆਂ ਅਤੇ ਭਾਵੇਂ ਮੈਂ ਆਪਣਾ ਸਾਰਾ ਸਰੀਰ ਸੜਨ ਲਈ ਦੇ ਦਿਆਂ ਪਰ ਪ੍ਰੇਮ ਨਾ ਰੱਖਾਂ, ਤਾਂ ਕੁਝ ਲਾਭ ਨਹੀਂ। 4ਪ੍ਰੇਮ ਧੀਰਜਵਾਨ ਅਤੇ ਕਿਰਪਾਲੂ

5 ਕੁਚੱਜਿਆਂ ਨਹੀਂ ਕਰਦਾ, ਆਪ ਸੁਆਰਥੀ ਨਹੀਂ, ਚਿੜ੍ਹਦਾ ਨਹੀਂ, ਬੁਰਾ
ਨਹੀਂ ਮੰਨਦਾ।
6 ਉਹ ਕੁਧਰਮ ਤੋਂ ਅਨੰਦ ਨਹੀਂ ਹੁੰਦਾ ਸਗੋਂ ਸਚਿਆਈ ਨਾਲ
ਅਨੰਦ ਹੁੰਦਾ।
7 ਸਭ ਕੁਝ ਝੱਲ ਲੈਂਦਾ, ਸਭਨਾਂ ਗੱਲਾਂ ਦੀ ਪਰਤੀਤ ਕਰਦਾ, ਸਭਨਾਂ ਗੱਲਾਂ
ਦੀ ਆਸ ਰੱਖਦਾ, ਸਭ ਕੁਝ ਸਹਿ ਲੈਂਦਾ।
8 ਪ੍ਰੇਮ ਕਦੇ ਟਲਦਾ ਨਹੀਂ, ਪਰ ਭਾਵੇਂ ਅਗੰਮ
ਵਾਕ ਹੋਣ ਓਹ ਮੁੱਕ ਜਾਣਗੇ, ਭਾਵੇਂ ਬੋਲੀਆਂ ਹੋਣ ਓਹ ਜਾਂਦੀਆਂ ਰਹਿਣਗੀਆਂ, ਭਾਵੇਂ
ਇਲਮ ਹੋਵੇ ਉਹ ਮੁੱਕ ਜਾਵੇਗਾ।

13 ਹੁਣ ਤਾਂ ਨਿਹਚਾ, ਆਸ਼ਾ, ਪ੍ਰੇਮ ਏਹ ਤਿੰਨੇ ਰਹਿੰਦੇ ਹਨ; ਪਰ ਏਹਨਾਂ ਵਿੱਚੋਂ ਉੱਤਮ
ਪ੍ਰੇਮ ਹੀ ਹੈ। – 1 ਕੁਰਿੰਥੀਆਂ 13:1–8, 13

## ਪਰਮੇਸ਼ੁਰ ਪਿਆਰ ਹੈ

"ਪਰਮੇਸ਼ੁਰ ਪਿਆਰ ਹੈ, ਅਤੇ ਜਿਹੜਾ ਪਿਆਰ ਵਿੱਚ ਰਹਿੰਦਾ ਹੈ ਉਹ ਪਰਮੇਸ਼ੁਰ ਵਿੱਚ ਰਹਿੰਦਾ ਹੈ ਅਤੇ ਪਰਮੇਸ਼ੁਰ ਓਸ ਵਿੱਚ ਰਹਿੰਦਾ ਹੈ" – 1 ਯੂਹੰਨਾ 4:16ਅ

# ਯਿਸੂ ਚਾਹੁੰਦਾ ਹੈ ਕਿ ਤੁਸੀਂ ਦੂਜਿਆਂ ਨੂੰ ਗਵਾਹੀ ਦਿਓ





(ਘਰ ਵਿੱਚ, ਚਰਚ ਵਿੱਚ, ਸਕੂਲ ਵਿੱਚ, ਕਿਤੇ ਵੀ)

**ਯਿਸੂ ਨੇ ਆਖਿਆ, "ਆਪਣੇ ਘਰ ਆਪਣੇ ਸਾਕਾਂ ਕੋਲ ਜਾਹ ਅਤੇ ਉਨ੍ਹਾਂ ਨੂੰ ਦੱਸ ਜੋ ਪ੍ਰਭੂ ਨੇ ਤੇਰੇ ਲਈ ਕੇਡੇ ਕੰਮ ਕੀਤੇ ਹਨ ਅਰ ਤੇਰੇ ਉੱਤੇ ਦਯਾ ਕੀਤੀ।"**

– ਮਰ. 5:19ਅ

# 40 ਪਰਮੇਸ਼ੁਰ ਦੀ ਇੱਕ ਸੱਚੀ ਸੰਤਾਨ ਨੂੰ ਕਿਵੇਂ ਜਾਣਨਾ ਹੈ

**"ਸੋ ਤੁਸੀਂ ਉਨ੍ਹਾਂ ਦੇ ਫਲਾਂ ਤੋਂ ਉਨ੍ਹਾਂ ਨੂੰ ਪਛਾਣੋਗੇ।"** – ਮੱਤੀ 7:20

**"ਪਰ ਆਤਮਾ ਦਾ ਫਲ ਇਹ ਹੈ—ਪ੍ਰੇਮ, ਅਨੰਦ, ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫ਼ਾਦਾਰੀ, ਨਰਮਾਈ, ਸੰਜਮ। ਇਹੋ ਜਿਹੀਆਂ ਗੱਲਾਂ ਦੇ ਵਿਰੁੱਧ ਕੋਈ ਸ਼ਰਾ ਨਹੀਂ ਹੈ।"**

– ਗਲਾਤੀਆਂ 5:22, 23ੳ

## ਪਰਮੇਸ਼ੁਰ ਦੀ ਇੱਕ ਸੱਚੀ ਸੰਤਾਨ ਦੂਜਿਆਂ ਨੂੰ ਮਾਫ਼ ਕਰਦੀ ਹੈ

**"ਕਿਉਂਕਿ ਜੇ ਤੁਸੀਂ ਮਨੁੱਖਾਂ ਨੂੰ ਉਨ੍ਹਾਂ ਦੇ ਅਪਰਾਧ ਮਾਫ਼ ਨਾ ਕਰੋ ਤਾਂ ਤੁਹਾਡਾ ਪਿਤਾ ਵੀ ਤੁਹਾਡੇ ਅਪਰਾਧ ਮਾਫ਼ ਨਾ ਕਰੇਗਾ।"** – ਮੱਤੀ 6:14

## 7 ਗੱਲਾਂ ਜਿਨ੍ਹਾਂ ਨਾਮ ਪਰਮੇਸ਼ੁਰ ਨਫ਼ਰਤ ਕਰਦਾ ਹੈ

**"ਉੱਚੀਆਂ ਅੱਖਾਂ, ਝੂਠੀ ਜੀਭ, ਅਤੇ ਬੇਦੋਸ਼ੇ ਦਾ ਖ਼ੂਨ ਕਰਨ ਵਾਲੇ ਹੱਥ, ਉਹ ਮਨ ਜਿਹੜਾ ਖੋਟੀਆਂ ਜੁਗਤਾਂ ਕਰਦਾ ਹੈ, ਓਹ ਪੈਰ ਜਿਹੜੇ ਬੁਰਿਆਈ ਕਰਨ ਨੂੰ ਫੁਰਤੀ ਨਾਲ ਭੱਜਦੇ ਹਨ, ਝੂਠਾ ਗਵਾਹ ਜਿਹੜਾ ਝੂਠ ਮਾਰਦਾ ਹੈ, ਅਤੇ ਭਾਈਆਂ ਵਿੱਚ ਝਗੜਾ ਪਾਉਣ ਵਾਲਾ।"**

– ਕਹਾਉਤਾਂ 6:17-19

ਆਤਮਾ ਦੇ ਫਲ | ਸਰੀਰ ਦੇ ਕੰਮ



## ਸਰੀਰ ਦੇ ਕੰਮ

**“. . .ਵਿਭਚਾਰ, ਹਰਾਮਕਾਰੀ** {ਕੁਆਰੇ ਲੋਕਾਂ ਵਿੱਚ ਸੈਕਸ}, **ਲੁੱਚਪੁਣਾ, ਮੂਰਤੀ ਪੂਜਾ, ਜਾਦੂਗਰੀ, ਵੈਰ, ਝਗੜੇ. . . ਹਸਦ, ਕ੍ਰੋਧ, ਧੜੇਬਾਜ਼ੀਆਂ. . . ਫੁੱਟਾਂ, ਬਿਦਤਾਂ, ਖਾਰ ਨਸ਼ੇ, ਬਦਮਸਤੀਆਂ, ਅਤੇ ਹੋਰ ਇਹੋ ਜਿਹੇ ਕੰਮ: . . .ਇਹੋ ਜਿਹੇ ਪਰਮੇਸ਼ੁਰ ਦੇ ਰਾਜ ਦੇ ਅਧਕਾਰੀ ਨਹੀਂ ਹੋਣਗੇ।** — ਗਲਾਤੀਆਂ 5:19-21

**“. . .ਨਾ ਹਰਾਮਕਾਰ,. . .ਨਾ ਚੋਰ ਨਾ ਲੋਭੀ. . .।”**

- 1 ਕੁਰਿੰਥੀਆਂ 6:9, 10ੳ

## ਪ੍ਰਭੂ ਯਿਸੂ ਤੁਹਾਨੂੰ ਆਤਮਾ ਨਾਲ ਭਰੇ ਅਤੇ ਤੁਹਾਨੂੰ ਸ਼ੁੱਧ ਕਰੇ

**“ਅਤੇ ਤੁਹਾਡੇ ਵਿੱਚੋਂ ਕਈਕੁ ਇਹੋ ਜਿਹੇ ਸਨ। ਪਰ ਪ੍ਰਭੂ ਯਿਸੂ ਦੇ ਨਾਮ ਤੋਂ ਅਤੇ ਸਾਡੇ ਪਰਮੇਸ਼ੁਰ ਦੇ ਆਤਮਾ ਤੋਂ ਤੁਸੀਂ ਧੋਤੇ ਗਏ. . .ਪਵਿੱਤਰ ਕੀਤੇ ਗਏ।”** - 1 ਕੁਰਿੰਥੀਆਂ 6:11

# ਨਰਕ ਇੱਕ ਅਸਲੀ ਸਥਾਨ ਹੈ




## (ਲੂਕਾ 16:19–26)

ਇਹ ਯਕੀਨੀ ਬਣਾਓ ਕਿ ਤੁਸੀਂ ਯਿਸੂ ਮਸੀਹ ਤੇ ਭਰੋਸਾ ਕਰ ਰਹੇ ਹੋ। ਉਹ ਤੁਹਾਡੇ ਨਾਮ ਨੂੰ ਉਸ ਦੀ ਜੀਵਨ ਦੀ ਪੋਥੀ ਵਿੱਚ ਲਿਖੇਗਾ।

**"ਅਤੇ ਜੇ ਕੋਈ ਜੀਵਨ ਦੀ ਪੋਥੀ ਵਿੱਚ ਲਿਖਿਆ ਹੋਇਆ ਨਾ ਲੱਭਾ ਤਾਂ ਉਹ ਅੱਗ ਦੀ ਝੀਲ ਵਿੱਚ ਸੁੱਟਿਆ ਗਿਆ।"**

—ਪਰਕਾਸ਼ 20:15

**"ਪਰਮੇਸ਼ੁਰ ਨੇ ਸਾਨੂੰ ਸਦੀਪਕ ਜੀਵਨ ਦਿੱਤਾ ਅਤੇ ਇਹ ਜੀਵਨ ਉਹ ਦੇ ਪੁੱਤਰ ਵਿੱਚ ਹੈ।"**

–1 ਯੂਹੰਨਾ 5:11ਅ

**"ਪਾਪ ਦੀ ਮਜ਼ਦੂਰੀ ਤਾਂ ਮੌਤ ਹੈ ਪਰ ਪਰਮੇਸ਼ੁਰ ਦੀ ਬਖ਼ਸ਼ੀਸ਼ ਮਸੀਹ ਯਿਸੂ ਸਾਡੇ ਪ੍ਰਭੂ ਦੇ ਵਿੱਚ ਸਦੀਪਕ ਜੀਵਨ ਹੈ।"** –ਰੋਮੀਆਂ 6:23

**"ਜਿਹੜਾ ਪੁੱਤਰ ਉੱਤੇ ਨਿਹਚਾ ਕਰਦਾ ਹੈ ਸਦੀਪਕ ਜੀਉਣ ਉਸ ਦਾ ਹੈ ਪਰ ਜੋ ਪੁੱਤਰ ਨੂੰ ਨਹੀਂ ਮੰਨਦਾ ਸੋ ਜੀਉਣ ਨਾ ਵੇਖੇਗਾ ਸਗੋਂ ਪਰਮੇਸ਼ੁਰ ਦਾ ਕ੍ਰੋਧ ਉਸ ਉੱਤੇ ਰਹਿੰਦਾ ਹੈ।"**

– ਯੂਹੰਨਾ 3:36

**"ਯਿਸੂ ਨੇ ਉਹ ਨੂੰ ਆਖਿਆ, 'ਰਾਹ, ਸਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ।"** – ਯੂਹੰਨਾ 14:6

# ਸਵਰਗ ਇੱਕ ਅਸਲੀ ਸਥਾਨ ਹੈ



ਪਰਕਾਸ਼ ਦੀ ਪੋਥੀ 21 ਦੇ ਵਿੱਚ ਯੂਹੰਨਾ ਦੇ ਦਰਸ਼ਣ ਵਿੱਚ ਉਸ ਨੇ ਇੱਕ ਨਵੇਂ ਅਕਾਸ਼ ਅਤੇ ਇੱਕ ਨਵੀਂ ਧਰਤੀ ਨੂੰ ਵੇਖਿਆ।

**"ਅਤੇ ਉਹ ਉਨ੍ਹਾਂ ਦੀਆਂ ਅੱਖੀਆਂ ਤੋਂ ਹਰੇਕ ਹੰਝੂ ਪੂੰਝੇਗਾ ਅਤੇ ਹੁਣ ਅਗਾਹਾਂ ਨੂੰ ਮੌਤ ਨਾ ਹੋਵੇਗੀ, ਨਾ ਅਗਾਹਾਂ ਨੂੰ ਸੋਗ ਨਾ ਰੋਣਾ ਨਾ ਦੁਖ ਹੋਵੇਗਾ; ਪਹਿਲੀਆਂ ਗੱਲਾਂ ਜਾਂਦੀਆਂ ਰਹੀਆਂ। ਅਤੇ ਉਹ ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ ਬੋਲਿਆ, 'ਵੇਖ ਮੈਂ ਸਭੋ ਕੁਝ ਨਵਾਂ ਬਣਾਉਂਦਾ ਹਾਂ।"**

–ਪਰਕਾਸ਼ ਦੀ ਪੋਥੀ 21:4, 5ੳ

ਯੂਹੰਨਾ ਨੇ ਪਵਿੱਤਰ ਸ਼ਹਿਰ, ਯਰੂਸ਼ਲਮ ਨੂੰ ਵੀ, ਸਵਰਗ ਤੋਂ ਪਰਮੇਸ਼ੁਰ ਤੋਂ ਆਉਂਦਾ ਹੋਇਆ ਵੇਖਿਆ। **"ਉਹ ਨਗਰੀ ਨਖਾਲਸ ਸੋਨੇ ਦੀ ਸੀ ਸਾਫ਼ ਸ਼ੀਸ਼ੇ ਦੀ ਨਿਆਈਂ। ਓਸ ਨਗਰੀ ਦੀ ਸਫ਼ੀਲ ਦੀਆਂ ਨੀਹਾਂ ਹਰ ਪਰਕਾਰ ਦੇ ਜਵਾਹਰ ਨਾਲ ਜੜੀਆਂ ਹੋਈਆਂ ਸਨ।"** –ਪਰਕਾਸ਼ ਦੀ ਪੋਥੀ 21:18ਅ, 19ੳ

## ਯਿਸੂ ਉਨ੍ਹਾਂ ਸਭਨਾਂ ਦੇ ਲਈ ਜਿਹੜੇ ਉਸ ਦੇ ਵਿੱਚ ਵਿਸ਼ਵਾਸ ਕਰਦੇ ਹਨ ਇੱਕ ਘਰ ਤਿਆਰ ਕਰਨ ਲਈ ਗਿਆ ਹੈ

**"ਤੁਹਾਡਾ ਦਿਲ ਨਾ ਘਬਰਾਵੇ। ਪਰਮੇਸ਼ੁਰ ਉੱਤੇ ਨਿਹਚਾ ਕਰੋ ਅਰ ਮੇਰੇ ਉੱਤੇ ਵੀ ਨਿਹਚਾ ਕਰੋ। ਮੇਰੇ ਪਿਤਾ ਦੇ ਘਰ ਵਿੱਚ ਬਹੁਤ ਸਾਰੇ ਨਿਵਾਸ ਹਨ ਨਹੀਂ ਤਾਂ ਮੈਂ ਤੁਹਾਨੂੰ ਕਹਿੰਦਾ ਕਿਉਂ ਜੋ ਮੈਂ ਤੁਹਾਡੇ ਲਈ ਜਗ੍ਹਾ ਤਿਆਰ ਕਰਨ ਜਾਂਦਾ ਹਾਂ। ਅਰ ਜੇ ਮੈਂ ਜਾ ਕੇ ਤੁਹਾਡੇ ਲਈ ਜਗ੍ਹਾ ਤਿਆਰ ਕਰਾਂ ਤਾਂ ਫੇਰ ਆਣ ਕੇ ਤੁਹਾਨੂੰ ਆਪਣੇ ਕੋਲ ਲੈ ਲਵਾਂਗਾ ਭਈ ਜਿੱਥੇ ਮੈਂ ਹਾਂ ਤੁਸੀਂ ਵੀ ਹੋਵੇ।"** – ਯੂਹੰਨਾ 14:1-3

### ਇਹ ਖੁਸ਼ਖਬਰੀ ਹੋਰਨਾਂ ਨੂੰ ਵੀ ਦੱਸੋ

**ਯਿਸੂ ਨੇ ਆਖਿਆ, "ਤੁਸੀਂ ਸਾਰੇ ਜਗਤ ਵਿੱਚ ਜਾ ਕੇ ਸਰਬੱਤ ਸਰਿਸ਼ਟ ਦੇ ਸਾਹਮਣੇ ਖੁਸ਼ਖਬਰੀ ਦਾ ਪਰਚਾਰ ਕਰੋ।"** –ਮਰਕੁਸ 16:15ਅ

**"ਉਹ ਜਿਹੜਾ ਆਤਮਾਵਾਂ ਨੂੰ ਜਿੱਤਦਾ ਬੁੱਧੀਮਾਨ ਹੈ।"** –ਕਹਾਉਤਾਂ 11:30ਅ

# ਪਰਮੇਸ਼ੁਰ ਦੇ ਬੱਚਿਆਂ ਲਈ ਉਸ ਦੇ ਵਾਇਦੇ

"ਮੈਂ ਤੈਨੂੰ ਕਦੇ ਨਾ ਛੱਡਾਂਗਾ ਨਾ ਤਿਆਗਾਂਗਾ।" –ਇਬਰਾਨੀਆਂ 13:5ਅ

"ਉਹ ਤਾਂ ਆਪਣੇ ਦੂਤਾਂ ਨੂੰ ਤੇਰੇ ਲਈ ਹੁਕਮ ਦੇਵੇਗਾ, ਭਈ ਉਹ ਤੇਰੀਆਂ ਸਾਰਿਆਂ ਰਾਹਾਂ ਵਿੱਚ ਤੇਰੀ ਰੱਛਿਆ ਕਰਨ।" –ਜ਼ਬੂਰ 91:11



"ਕੋਈ ਪਿਤਾ ਦੇ ਹੱਥੋਂ ਉਹ ਨੂੰ ਖੋਹ ਨਹੀਂ ਸਕਦਾ।" –ਯੂਹੰਨਾ 10:29ਅ

"ਮੈਂ ਜੁੱਗ ਦੇ ਅੰਤ ਤੀਕੁਰ ਹਰ ਵੇਲੇ ਤੁਹਾਡੇ ਨਾਲ ਹਾਂ।" –ਮੱਤੀ 28:20ਅ

"ਜਿਹੜੇ ਦੁੱਖ ਤੈਂ ਭੋਗਣੇ ਹਨ ਤੂੰ ਓਹਨਾਂ ਤੋਂ ਨਾ ਡਰੀਂ। . . .ਤੂੰ ਮਰਨ ਤੋੜੀਂ ਵਫ਼ਾਦਾਰ ਰਹੁ ਤਾਂ ਮੈਂ ਤੈਨੂੰ ਜੀਵਨ ਦਾ ਮੁਕਟ ਦਿਆਂਗਾ।" –ਪਰਕਾਸ਼. 2:10

"ਜਦ ਮੈਂ ਅਨ੍ਹੇਰੇ ਵਿੱਚ ਬੈਠਾਂ ਤਾਂ ਯਹੋਵਾਹ ਮੇਰਾ ਚਾਨਣ ਹੋਵੇਗਾ।" –ਮੀਕਾਹ 7:8ਅ

"ਮੈਨੂੰ ਪੁਕਾਰ ਤਾਂ ਮੈਂ ਤੈਨੂੰ ਉੱਤਰ ਦਿਆਂਗਾ।" –ਯਿਰਮਿਯਾਹ 33:3ੳ

# ਯਿਸੂ ਮੁੜ ਆ ਰਿਹਾ ਹੈ 

ਹਰ ਕੋਈ ਮੁਰਦਿਆਂ ਦੇ ਵਿੱਚੋਂ ਜੀਉਂਦਾ ਕੀਤਾ ਜਾਵੇਗਾ

**"ਉਹ ਘੜੀ ਆਉਂਦੀ ਹੈ ਜਿਹ ਦੇ ਵਿੱਚ ਓਹ ਸਭ ਜਿਹੜੇ ਕਬਰਾਂ ਵਿੱਚ ਹਨ ਉਹ ਦੀ ਅਵਾਜ਼ ਸੁਣਨਗੇ ਅਤੇ ਨਿੱਕਲ ਆਉਣਗੇ। ਜਿਨ੍ਹਾਂ ਨੇ ਭਲਿਆਈ ਕੀਤੀ ਹੈ ਸੋ ਜੀਉਣ ਦੀ ਕਿਆਮਤ ਲਈ ਅਰ ਜਿਨ੍ਹਾਂ ਨੇ ਬੁਰਿਆਈ ਕੀਤੀ ਹੈ ਉਹ ਨਿਆਉਂ ਦੀ ਕਿਆਮਤ ਲਈ।"**

–ਯੂਹੰਨਾ 5:28ਅ, 29



ਮਸੀਹ ਵਿੱਚ ਮੁਰਦਾ ਪਹਿਲਾਂ ਜੀਉਂਦੇ ਹੋਣਗੇ

**"ਤਦ ਅਸੀਂ ਜਿਹੜੇ ਜੀਉਂਦੇ ਅਤੇ ਬਾਕੀ ਰਹਿੰਦੇ ਹਾਂ ਓਹਨਾਂ ਦੇ ਨਾਲ ਹੀ ਹਵਾ ਵਿੱਚ ਪ੍ਰਭੂ ਦੇ ਮਿਲਣ ਨੂੰ ਬੱਦਲਾਂ ਉੱਤੇ ਅਚਾਣਕ ਉਠਾਏ ਜਾਵਾਂਗੇ ਅਤੇ ਇਸੇ ਤਰਾਂ ਅਸੀਂ ਸਦਾ ਪ੍ਰਭੂ ਦੇ ਸੰਗ ਰਹਾਂਗੇ।"**

– 1 ਥੱਸਲੁਨੀਕੀਆਂ 4:17

**"ਜਾਗਦੇ ਰਹੋ ਅਤੇ ਪ੍ਰਾਰਥਨਾ ਕਰੋ; ਕਿਉਂਕਿ ਤੁਸੀਂ ਨਹੀਂ ਜਾਣਦੇ ਜੋ ਉਹ ਵੇਲਾ ਕਦੋਂ ਹੋਵੇਗੇ।"**

–ਮਰਕੁਸ 13:33ਅ

# ਯਿਸੂ ਕਿਵੇਂ ਆਵੇਗਾ?



**"ਵੇਖ, ਉਹ ਬੱਦਲਾਂ ਦੇ ਨਾਲ ਆਉਂਦਾ ਹੈ ਅਤੇ ਹਰੇਕ ਅੱਖ ਉਸ ਨੂੰ ਵੇਖੇਗੀ।"** –ਪਰਕਾਸ਼ ਦੀ ਪੋਥੀ 1:7ੳ

ਝੂਠੇ ਮਸੀਹਾਂ ਅਤੇ ਝੂਠੇ ਨਬੀਆਂ ਤੋਂ ਸਾਵਧਾਨ ਰਹੋ।

**"ਤਦ ਜੇ ਕੋਈ ਤੁਹਾਨੂੰ ਆਖੇ, 'ਵੇਖੋ ਮਸੀਹ ਐਥੇ' ਜਾਂ 'ਉੱਥੇ ਹੈ' ਤਾਂ ਸੱਚ ਨਾ ਮੰਨਣਾ। ਇਸ ਲਈ ਜੇ ਉਹ ਤੁਹਾਨੂੰ ਆਖਣ, 'ਵੇਖੋ ਉਹ ਉਜਾੜ ਵਿੱਚ ਹੈ' ਬਾਹਰ ਨਾ ਜਾਣਾ; 'ਵੇਖੋ ਉਹ ਅੰਦਰਲੀਆਂ ਕੋਠੜੀਆਂ ਵਿੱਚ ਹੈ!' ਤਾਂ ਸਤ ਨਾ ਮੰਨਣਾ।"** – ਮੱਤੀ 24:23ਅ, 26ੳ

## ਯਿਸੂ ਛੇਤੀ ਹੀ ਅਕਾਸ਼ ਵਿੱਚ ਬੱਦਲਾਂ ਤੇ ਆਵੇਗਾ

**"ਕਿਉਂਕਿ ਜਿਸ ਤਰਾਂ ਬਿਜਲੀ ਚੜ੍ਹਦਿਓਂ ਚਮਕਾਰਾ ਮਾਰ ਕੇ ਲਹਿੰਦੇ ਤੀਕਰ ਦਿਸਦੀ ਹੈ ਉਸੇ ਤਰਾਂ ਮਨੁੱਖ ਦੇ ਪੁੱਤਰ ਦਾ ਆਉਣਾ ਹੋਵੇਗਾ। ਧਰਤੀ ਦੀਆਂ ਸਾਰੀਆਂ ਕੌਮਾਂ. . .ਮਨੁੱਖ ਦੇ ਪੁੱਤਰ ਨੂੰ ਸਮਰੱਥਾ ਅਤੇ ਵੱਡੇ ਤੇਜ ਨਾਲ ਅਕਾਸ਼ ਦੇ ਬੱਦਲਾਂ ਦੇ ਉੱਤੇ ਆਉਂਦਾ ਵੇਖਣਗੀਆਂ।"** –ਮੱਤੀ 24:27, 30ਅ

# ਚਰਵਾਹੇ ਦਾ ਗੀਤ

## ਭਜਨ 23

1. ਪ੍ਰਭੂ ਮੇਰਾ ਚਰਵਾਹਾ ਹੈ, ਮੈਨੂੰ ਕਿਸੇ ਚੀਜ਼ ਦੀ ਥੁੜ੍ਹ ਨਹੀਂ ਹੋਵੇਗੀ।
2. ਉਹ ਮੈਨੂੰ ਹਰੀਆਂ-ਹਰੀਆਂ ਚਰਗਾਹਾਂ ਵਿਚ ਬਿਠਾਉਂਦਾ ਹੈ ਉਹ ਮੈਨੂੰ ਸੁੱਖਦਾਇਕ
ਪਾਣੀਆਂ ਕੋਲ ਲੈ ਜਾਂਦਾ ਹੈ। 3. ਉਹ ਮੇਰੇ ਮਨ ਨੂੰ ਤਾਜਿਆਂ ਕਰਦਾ ਹੈ। ਉਹ ਆਪਣੇ ਨਾਂ
ਦੀ ਖਾਤਰ, ਮੈਨੂੰ ਠੀਕ ਰਾਹਾਂ ਤੇ ਚਲਾਉਂਦਾ ਹੈ। 4. **ਬੇਸ਼ਕ ਮੈਂ ਮੌਤ ਦੀ ਵਾਦੀ ਵਿਚੋਂ ਵੀ
ਕਿਉਂ ਨਾ ਲੰਘਾਂ, ਮੈਂ ਨਹੀਂ ਡਰਾਂਗਾ, ਤੂੰ ਮੇਰੇ ਨਾਲ ਹੈਂ, ਤੇਰੀ ਸੋਟੀ ਅਤੇ ਤੇਰੀ ਲਾਠੀ ਮੈਨੂੰ
ਸਹਾਰਾ ਦਿੰਦੀਆਂ ਹਨ।** 5. ਮੇਰੇ ਵੈਰੀਆਂ ਦੇ ਠੀਕ ਸਾਹਮਣੇ, ਤੂੰ ਭੋਜਨ ਤਿਆਰ ਕੀਤਾ ਹੈ
। ਤੂੰ ਮੇਰਾ ਸਭ ਤੋਂ ਵੱਧ ਕੇ ਸੁਆਗਤ ਕੀਤਾ ਹੈ। ਮੇਰਾ ਕੱਪ ਮੂੰਹੋਂ-ਮੂੰਹ ਭਰਿਆ ਪਿਆ ਹੈ।
6. ਸੱਚ ਮੁੱਚ ਭਲਾਈ ਅਤੇ ਦਇਆ, ਜੀਵਨ ਭਰ ਮੇਰੇ ਨਾਲ ਰਹਿਣਗੀਆਂ, ਮੈਂ ਪ੍ਰਭੂ ਦੇ ਘਰ
ਵਿਚ ਹਮੇਸ਼ਾ ਤਕ ਵਾਸ ਕਰਾਂਗਾ।

ਮੁਫ਼ਤ — ਵੇਚੀ ਨਹੀਂ ਜਾਣੀ ਚਾਹੀਦੀ

Read booklets online or by App
www.wmp-readonline.org

www.wmpress.org 5-21 2262 Punjabi WTG